
20 ਅਪ੍ਰੈਲ
april
S M T W T F S
01 02 03 04 05 06
07 08 09 10 11 12 13
14 15 16 17 18 19 20
21 22 23 24 25 26 27
28 29 30
ਪ੍ਰੀਤ ਸਿੰਘ ਭੈਣੀ

# ੨੦ ਅਪ੍ਰੈਲ

ਪ੍ਰੀਤ ਸਿੰਘ ਭੈਣੀ

@Writer

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

PSb
PREET SINGH BHAINI
PUBLICATION



20 April

By

Preet Singh Bhaini

Mob : +91 97793 24826

E-mail : preetsinghbhaini@gmail.com

Instagram : @preetsinghbhaini


Published on : 26 October 2024

## ਸਮਰਪਿਤ

**ਮੇਰੀ ਮੁਹੱਬਤ ਦੇ ਨਾਮ**

ਅਫ਼ਸੋਸ ਕਿ ਰੋ ਨਹੀਂ ਸਕਦਾ ਮੈਂ

ਮੇਰੇ ਅੱਥਰੂ ਤੈਨੂੰ ਗੁਨਹਾਗਾਰ ਠਹਿਰਾਉਣਗੇ।



# ੨੦ ਅਪ੍ਰੈਲ

ਵਿਸਰ ਗਿਆ ਹੈ ਮਨ ਹੁਣ ਉਸਦੀ ਉਡੀਕ ਤੋਂ
ਪਰਦਾ ਚੁੱਕਿਆ ਕਿਸੇ ਵਿਆਹ ਦੀ ਤਰੀਕ ਤੋਂ।

ਪਤਾ ਲੱਗੇ ਮੈਨੂੰ ਗ਼ੈਰ ਤੋਂ ਬਸ ਇਹ ਗ਼ਲ਼ਤ ਹੈ
ਉਹ ਆਪ ਦੱਸਦਾ ਡਿੱਗਦਾ ਨਾ ਦਿਲੀ ਲੀਕ ਤੋਂ।

ਪੰਜ ਸਾਲ ਮੈਂ ਇੰਤਜ਼ਾਰ ਕਰਿਆ ਅਹੰਕਾਰ ਨਹੀਂ
ਪਰ ਕੀ, ਕੋਈ ਹੱਕ ਨਹੀਂ ਮੇਰਾ ਉਸ ਰਮਣੀਕ ਤੋਂ।

ਬੇਸ਼ੱਕ, ਉਹਨੂੰ ਕੋਈ ਲੋੜ ਨਹੀਂ ਮੇਰੀ ਮੁਹੱਬਤ ਦੀ
ਖ਼ੁਸ਼ ਹੋ ਸਕਦਾ ਏ ਉਹ ਮੇਰੇ ਕਿਸੇ ਵੀ ਸ਼ਰੀਕ ਤੋਂ।

ਮੰਨਿਆ ਜੋ ਵੀ ਹੁੰਦਾ ਚੰਗਾ ਹੁੰਦਾ ਏ ਸਾਡੇ ਲਈ
ਪਰ ਮੇਰੇ ਲਈ ਗਲ਼ਤ ਚੰਗਾ ਹੁੰਦਾ ਇਸ ਠੀਕ ਤੋਂ।

ਵੀਹ ਅਪ੍ਰੈਲ ਮੇਰੀ ਦੇਹ ‘ਤੇ ਦਾਗ ਪੈ ਗਿਆ ਏ
ਅੱਲ੍ਹਾ ਹੁਣ ਮੈਂ ਪਾਗਲ ਹੋ ਜਾਵਾਂ ਆਪਣੇ ਤੌਫ਼ੀਕ ਤੋਂ।

20 ਅਪ੍ਰੈਲ 1808 ਈ: ਨੂੰ ਚਾਰਲਸ ਲੁਈਸ ਨਪੋਲੀਅਨ ਬੋਨਾਪਾਰਟ ਦਾ ਜਨਮ ਹੋਇਆ ਸੀ, ਜੋ ਨਪੋਲੀਅਨ ਪਹਿਲੇ ਦਾ ਭਤੀਜਾ ਤੇ ਵਾਰਸ ਸੀ। ਉਹ ਫਰਾਂਸ ਦਾ ਪਹਿਲਾ ਮੁਖੀ ਸੀ ਜਿਸ ਕੋਲ ਰਾਸ਼ਟਰਪਤੀ ਦਾ ਅਹੁਦਾ ਵੀ ਸੀ ਅਤੇ ਜੋ ਪਹਿਲੀ ਵਾਰ ਸਿੱਧੀਆਂ ਵੋਟਾਂ ਨਾਲ ਚੁਣਿਆ ਗਿਆ ਸੀ। 20 ਅਪ੍ਰੈਲ 1889 ਈ: ਨੂੰ ਜਰਮਨੀ ਦੇ ਡਿਕਟੇਟਰ ਅਡੋਲਫ ਹਿਟਲਰ ਦਾ ਜਨਮ ਹੋਇਆ ਸੀ, ਜਿਸਨੇ 1 ਸਤੰਬਰ 1939 ਈ: 'ਚ ਪੋਲੈਂਡ 'ਤੇ ਹਮਲਾ ਕਰ ਯੂਰਪ ਵਿਚ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਕੀਤੀ ਸੀ। ਜਿਸਦੇ ਛੇੜੇ ਇਸ ਦੂਜੇ ਵਿਸ਼ਵ ਯੁੱਧ ਕਾਰਨ ਪੂਰੀ ਹੀ ਦੁਨੀਆਂ ਦਾ ਤਖ਼ਤਾ ਪਲਟ ਗਿਆ ਸੀ। 20 ਅਪ੍ਰੈਲ 1902 ਈ: ਨੂੰ ਨੋਬਲ ਪੁਰਸਕਾਰ ਜੇਤੂ ਜੋੜੀ ਮੈਰੀ ਕਿਊਰੀ ਅਤੇ ਪਿਏਰੇ ਕਿਊਰੀ ਵੱਲੋਂ ਰੇਡੀਅਮ ਦੀ ਖੋਜ ਕੀਤੀ ਗਈ। 20 ਅਪ੍ਰੈਲ 1939 ਈ: ਨੂੰ ਪੰਜਾਬੀ ਦੇ ਕਵੀ ਅਤੇ ਗੀਤਕਾਰ ਸੰਤ ਰਾਮ ਉਦਾਸੀ ਦਾ ਜਨਮ ਹੋਇਆ ਸੀ। ਜਿਸਨੇ ਆਪਣੀ ਕਲ਼ਮ ਨਾਲ ਪੰਜਾਬੀ ਦੇ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ। 20 ਅਪ੍ਰੈਲ 1950 ਈ: 'ਚ ਆਂਧਰਾ ਪ੍ਰਦੇਸ਼ ਦੇ ਮੌਜੂਦਾ ਮੁੱਖ ਮੰਤਰੀ ਨਾਰਾ ਚੰਦਰ ਬਾਬੂ ਨਾਇਡੂ ਦਾ ਜਨਮ ਹੋਇਆ ਸੀ। ਇਹ ਓਹੀ ਸਖਸ਼ ਹੈ ਜਿਸਨੇ ਇਸ ਸਾਲ ਭਾਰਤੀ ਸਰਕਾਰ ਬਣਾਉਣ ਵਿਚ ਆਪਣਾ ਅਹਿਮ ਰੋਲ ਅਦਾ ਕੀਤਾ। ਇਹਨਾਂ ਦੇ ਮੋਦੀ ਸਰਕਾਰ ਨਾਲ ਗੱਠਬੰਧਨ ਕਾਰਨ ਤੀਜੀ ਵਾਰ ਮੋਦੀ ਸਰਕਾਰ ਭਾਰਤ ਦੀ ਸਿਆਸਤਦਾਨ ਬਣੀ। 20 ਅਪ੍ਰੈਲ 1964 ਨੂੰ ਹੀ ਹਾਲੀਵੁੱਡ ਦੀ ਮੇਰੀ ਸਭ ਤੋਂ ਮਨਪਸੰਦਾ ਫ਼ਿਲਮ ਲਾਰਡ ਆਫ ਦੀ ਰਿੰਗਜ਼ ਵਿਚਲੇ ਬੜੇ ਹੀ ਅਹਿਮ ਗੋਲਮ ਦਾ ਕਿਰਦਾਰ ਨਿਭਾਉਣ ਵਾਲੇ ਐਂਡੀ ਸਰਕਿਸ ਦਾ ਜਨਮ ਹੋਇਆ ਸੀ। ਐਂਡੀ ਸਰਕਿਸ ਦੇ ਗੋਲਮ ਕਿਰਦਾਰ ਤੋਂ ਹੀ ਕਹਾਣੀ ਦਾ ਮੁੱਢ ਬੱਝਦਾ ਨਜ਼ਰ ਆਉਂਦਾ ਹੈ। 20 ਅਪ੍ਰੈਲ 1972 ਈ: ਨੂੰ ਅਪੋਲੋ 16 ਚੰਨ 'ਤੇ ਉਤਰਿਆ ਸੀ।

ਕਹਿਣ ਦਾ ਭਾਵ ਕਿ 20 ਅਪ੍ਰੈਲ ਦੁਨੀਆਂ ਦੇ ਇਤਹਾਸ ਵਿਚ ਬੜਾ ਹੀ ਅਹਿਮ ਰਿਹਾ ਹੈ। 20 ਅਪ੍ਰੈਲ ਨੂੰ ਬੜੇ ਜੰਮੇ, ਬੜੇ ਮਰੇ ਤੇ ਬੜੀਆਂ ਹੀ ਵੱਡੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਜਿੰਨਾਂ ਦੇ ਪ੍ਰਭਾਵ ਕਾਰਨ ਸੰਸਾਰ ਦਾ ਹੇਰ ਫੇਰ ਬਦਲਿਆ। ਕਹਿਣ ਨੂੰ ਲੋਕ ਅਕਸਰ ਆਖ ਦੇਂਦੇ ਨੇ ਕਿ ਕਿਸੇ ਦੇ ਜੰਮਣ ਮਰਨ ਨਾਲ ਸੰਸਾਰ ਨੂੰ ਕੋਈ ਫਰਕ ਨਹੀਂ ਪੈਂਦਾ, ਪੰਜਾਬੀ ਵਿਚ ਆਮ ਹੀ ਕਹਾਵਤ ਸੁਣਨ ਨੂੰ ਮਿਲਦੀ ਹੈ ਕਿ, 'ਕਿਸੇ ਦੇ ਜੰਮਣ ਮਰਨ ਨਾਲ ਕਿਹੜਾ ਮੱਸਿਆ ਲੱਗਣੋਂ ਹੱਟ ਚੱਲੀ ਏ।' ਇਹ ਸੰਸਾਰ ਤਾਂ ਆਪਣੀ ਚਾਲ ਨਾਲ ਚੱਲਦਾ ਹੀ ਜਾਵੇਗਾ। ਕੁਝ ਹੱਦ ਤੱਕ ਮੈਂ ਇਸ ਗੱਲ ਨਾਲ ਸਹਿਮਤ ਹਾਂ ਪਰ ਪੂਰਨ ਰੂਪ 'ਚ ਨਹੀਂ।

ਕਿਉਂਕਿ ਇਸ ਸੰਸਾਰ 'ਚ ਹੋਈ ਨਿੱਕੀ ਤੋਂ ਨਿੱਕੀ ਘਟਨਾ ਵੀ ਪੂਰੇ ਸੰਸਾਰ ਨੂੰ ਪ੍ਰਭਾਵਿਤ ਕਰਦੀ ਹੈ। ਭਾਵੇਂ ਉਹ ਘਟਨਾ ਕਿਸੇ ਆਮ ਮਨੁੱਖ ਨਾਲ ਹੋਵੇ ਜਾਂ ਫਿਰ ਖਾਸ ਨਾਲ। ਜਿਵੇਂ ਰਾਧਾ ਸੁਆਮੀ ਸਤਿਸੰਗ ਬਿਆਸ 'ਚ ਸਵਾਲ ਜੁਆਬ ਦੌਰਾਨ ਜਦੋਂ ਕਿਸੇ ਨੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਸਵਾਲ ਪੁੱਛਿਆ ਕਿ, 'ਜੇਕਰ ਅਸੀਂ ਸੋਚ ਸਮਝ ਗ਼ਲਤੀ ਨਹੀਂ ਕੀਤੀ ਜਾਂ ਸਾਡੇ ਕੋਲੋਂ ਅਣਜਾਣੇ 'ਚ ਗ਼ਲਤੀ ਹੋ ਗਈ ਤਾਂ ਕੀ ਸਾਨੂੰ ਫਿਰ ਵੀ ਉਸਦਾ ਹਿਸਾਬ ਦੇਣਾ ਪਵੇਗਾ?' ਤਾਂ ਬਾਬਾ ਜੀ ਨੇ ਬੜਾ ਸੋਹਣਾ ਜੁਆਬ ਦਿੱਤਾ ਕਿ, 'ਮੰਨ ਲਵੋ ਤੁਸੀਂ ਗ਼ਲਤੀ ਨਾਲ ਜ਼ਹਿਰ ਪੀ ਲਿਆ, ਤੁਹਾਨੂੰ ਨਹੀਂ ਪਤਾ ਸੀ ਕਿ ਉਹ ਜ਼ਹਿਰ ਹੈ, ਤੁਸੀਂ ਅਣਜਾਣੇ 'ਚ ਪੀਤਾ, ਤੁਹਾਨੂੰ ਪਤਾ ਹੈ ਕਿ ਤੁਸੀਂ ਜ਼ਹਿਰ ਅਣਜਾਣੇ 'ਚ ਪੀਤਾ, ਪਰ ਕੀ ਜ਼ਹਿਰ ਨੂੰ ਪਤਾ ਹੈ ਕਿ ਤੁਸੀਂ ਉਸਨੂੰ ਅਣਜਾਣੇ 'ਚ ਪੀਤਾ ਹੈ? ਉਹ ਤਾਂ ਆਪਣਾ ਅਸਰ ਦਿਖਾਵੇਗਾ ਹੀ ਨਾ। ਉਸਨੇ ਤਾਂ ਆਪਣਾ ਕਾਰਜ ਪੂਰਾ ਕਰਨਾ ਹੀ ਕਰਨਾ ਹੈ ਭਾਵੇਂ ਤੁਸੀਂ ਉਸਨੂੰ ਅਣਜਾਣੇ 'ਚ ਪੀਤਾ ਜਾਂ ਫਿਰ ਜਾਣਦੇ ਹੋਏ।' ਬਾਬਾ ਜੀ ਨੇ ਕਿਹਾ ਕਿ, 'ਕਰਮਾਂ ਦਾ ਹਿਸਾਬ ਤਾਂ ਏਨਾਂ ਸਖਤ ਹੈ ਕਿ ਮੰਨ ਲਵੋ ਕਿਸੇ ਦੂਸਰੇ ਦੇ ਖੇਤ 'ਚੋਂ ਇਕ ਦਾਣਾ ਵੀ ਹਵਾ ਨਾਲ ਉੱਡ ਤੁਹਾਡੇ ਖੇਤ 'ਚ ਆ ਜਾਵੇ ਤਾਂ ਉਸਦਾ ਵੀ ਹਿਸਾਬ ਦੇਣਾ ਪਵੇਗਾ। ਹੁਣ ਉਸ ਦਾਣੇ ਨੂੰ ਆਪ ਨੇ ਤਾਂ ਨਹੀਂ ਚੁੱਕ ਏਧਰ ਕੀਤਾ, ਇਸ 'ਚ ਆਪਦਾ ਤਾਂ ਕੋਈ ਦੋਸ਼ ਨਹੀਂ, ਇਹ ਤਾਂ ਹਵਾ ਕਾਰਨ ਉਧਰੋਂ ਉੱਡ ਏਧਰ ਆ ਗਿਆ। ਪਰ ਕਰਮਾਂ ਦਾ ਕਾਨੂੰਨ ਅਟੱਲ ਹੈ, ਹਿਸਾਬ ਬਰਾਬਰ ਹੀ ਦੇਣਾ ਪਵੇਗਾ।'

ਉਂਝ ਮੈਂ ਡੇਰਾ ਰਾਧਾ ਸੁਆਮੀ ਦਾ ਪ੍ਰੇਮੀ ਤਾਂ ਨਹੀਂ ਹਾਂ, ਪਰ ਕਿਹਾ ਗਿਆ ਹੈ ਨਾ ਜਿੱਥੋਂ ਚੰਗੀ ਚੀਜ਼ ਸਿੱਖਣ ਨੂੰ ਮਿਲੇ ਉਹ ਸਿੱਖ ਲੈਣੀ ਚਾਹੀਦੀ ਹੈ, ਫਿਰ ਉਹ ਚੰਗੀ ਚੀਜ਼ ਤੁਹਾਡਾ ਵੈਰੀ ਹੀ ਕਿਉਂ ਨਾ ਸਿਖਾ ਰਿਹਾ ਹੋਵੇ। ਜਿਵੇਂ ਰਮਾਇਣ ਵਿਚਾਲੇ ਸ੍ਰੀ ਰਾਮ ਤੇ ਲੰਕਾਪਤੀ ਰਾਵਣ ਦੇ ਯੁੱਧ ਉਪਰੰਤ ਰਾਵਣ ਜਦੋਂ ਮੌਤ ਦੇ ਅਖ਼ੀਰ ਪਲਾਂ 'ਤੇ ਸੀ ਤਾਂ ਸ੍ਰੀ ਰਾਮ ਨੇ ਆਪਣੇ ਛੋਟੇ ਭਾਈ ਲਛਮਣ ਨੂੰ ਕਿਹਾ ਕਿ, 'ਦੁਨੀਆਂ ਤੋਂ ਇਕ ਮਹਾਨ ਪੰਡਿਤ ਵਿਦਾ ਹੋ ਰਿਹਾ ਹੈ, ਜਿਸਨੂੰ ਚਾਰਾਂ ਵੇਦਾਂ ਦਾ ਗਿਆਨ ਹੈ, ਜਾਹ ਲਛਮਣ ਇਸ ਮਹਾਂਪੁਰਖ ਤੋਂ ਅੰਤਿਮ ਵੇਲੇ ਗਿਆਨ ਹਾਸਲ ਕਰ।' ਤਦ ਲਛਮਣ ਲੰਕਾਪਤੀ ਰਾਵਣ ਦੇ ਚਰਨਾਂ ਤਰਫ਼ ਬੈਠਾ ਤੇ ਨਿਮਰਤਾ ਸਹਿਤ ਕੁਝ ਗਿਆਨ ਦੇਣ ਲਈ ਕਿਹਾ ਤਾਂ ਲੰਕਾਪਤੀ ਰਾਵਣ ਨੇ ਸ੍ਰੀ ਰਾਮ ਦੇ ਛੋਟੇ ਭਾਈ ਲਛਮਣ ਨੂੰ ਗਿਆਨ ਦੇਂਦੇ ਹੋਏ ਕਿਹਾ, 'ਲਛਮਣ, ਜ਼ਿੰਦਗੀ 'ਚ ਜਦੋਂ ਵੀ ਕੋਈ ਸੰਕਲਪ ਲਵੋ ਤਾਂ ਉਸਨੂੰ ਪੂਰਾ ਜ਼ਰੂਰ ਕਰੋ। ਮੈਂ ਸੰਕਲਪ ਲਿਆ ਸੀ ਕਿ ਚੰਦਰਮਾਂ ਨੂੰ

ਨਿਚੋੜ ਕੇ ਉਸਦਾ ਸਾਰਾ ਅੰਮ੍ਰਿਤ ਕੱਢ ਲਵਾਂਗਾ ਤੇ ਆਪਣੇ ਰਾਕਸ਼ ਭਾਈਆਂ ਨੂੰ ਪਿਆ ਦਿਆਂਗਾ, ਮੈਂ ਸੰਕਲਪ ਲਿਆ ਸੀ ਕਿ ਲੰਕਾ ਤੋਂ ਇਕ ਪੌੜੀ ਸਵਰਗ ਨੂੰ ਲਾ ਦਿਆਂਗਾ, ਰਾਕਸ਼ ਜਦੋਂ ਚਾਹਣ ਸਵਰਗ ਜਾ ਸਕਦੇ ਨੇ ਜਦੋਂ ਚਾਹੇ ਸਰਵਗੋਂ ਆ ਸਕਦੇ ਨੇ। ਪਰ ਹੋਣੀ ਨੂੰ ਇਹ ਸਵੀਕਾਰ ਨਹੀਂ ਸੀ ਤੇ ਮੇਰਾ ਸੰਕਲਪ ਧਰੇ ਦਾ ਧਰਿਆ ਰਹਿ ਗਿਆ। ਲਛਮਣ, ਆਪਣੇ ਦੁਸ਼ਮਣ ਨੂੰ ਕਦੇ ਨਿੱਕਾ ਨਾ ਸਮਝੋ। ਦੁਸ਼ਮਣ ਤੇ ਬਿਮਾਰੀ ਨੂੰ ਕਦੇ ਨਿੱਕਾ ਨਹੀਂ ਸਮਝਣਾ ਚਾਹੀਦਾ। ਨਿੱਕੇ ਤੋਂ ਨਿੱਕੇ ਫੋੜੇ ਵੀ ਨਾਸੂਰ ਬਣ ਜਾਂਦੇ ਨੇ। ਨਿੱਕੇ ਤੋਂ ਨਿੱਕਾ ਦੁਸ਼ਮਣ ਵੀ ਨਾਸ਼ ਕਰ ਸਕਦਾ ਹੈ। ਯੁੱਧ ਨੀਤੀ ਦਾ ਪਹਿਲਾ ਪਾਠ ਇਹ ਹੈ ਕਿ ਦੁਸ਼ਮਣ ਕੋਲ ਕਦੇ ਵੀ ਆਪਣਾ ਰਾਜ਼ ਨਹੀਂ ਖੁੱਲ੍ਹਣ ਦੇਣਾ ਚਾਹੀਦਾ। ਰਾਜ਼ ਖੋਲ੍ਹਣ ਵਾਲਾ ਆਪਣਾ ਭਰਾ ਹੀ ਕਿਉਂ ਨਾ ਹੋਵੇ ਉਸਨੂੰ ਮੁਆਫ਼ ਨਹੀਂ ਕਰਨਾ ਚਾਹੀਦਾ। ਹਰ ਯੁੱਧ ਦੀ ਆਪਣੀ ਨੀਤੀ ਹੁੰਦੀ ਹੈ ਇਸਨੂੰ ਸਮੇਂ ਅਤੇ ਹਾਲਾਤਾਂ ਅਨੁਸਾਰ ਬਦਲਦੇ ਰਹਿਣਾ ਚਾਹੀਦਾ ਹੈ। ਸਮੇਂ ਸਮੇਂ 'ਤੇ ਉਸਦੀ ਜਾਂਚ ਵੀ ਕਰਦੇ ਰਹਿਣਾ ਚਾਹੀਦਾ। ਲਛਮਣ, ਯੁੱਧ ਸੰਘਾਰਕ ਹੁੰਦਾ ਹੈ, ਵਿਨਾਸ਼ਕ ਹੁੰਦਾ ਹੈ, ਯੁੱਧ ਵਿਚ ਸਿਰਫ ਗਵਾਇਆ ਹੀ ਜਾਂਦਾ ਹੈ ਹਾਸਲ ਕੁਝ ਨਹੀਂ ਕੀਤਾ ਜਾਂਦਾ। ਜਿਹੜਾ ਵਿਅਕਤੀ ਆਪਣੇ ਆਪ ਨੂੰ ਸੰਸਾਰ ਤੋਂ ਵੱਡਾ ਮੰਨਦਾ ਹੈ ਉਸਦੀ ਹਾਲਤ ਮੇਰੇ ਵਰਗੇ ਹੁੰਦੀ ਹੈ। ਲਛਮਣ, ਰਾਜਨੀਤੀ ਹਮੇਸ਼ਾ ਲੋਕਾਂ ਦੇ ਭਲੇ ਲਈ ਕਰਨੀ ਚਾਹੀਦੀ ਹੈ, ਜਿਸ ਨਾਲ ਦੇਸ਼ ਦਾ ਵਿਕਾਸ ਹੋਵੇ। ਗਿਆਨੀ ਵੀ ਅਹੰਕਾਰ ਵਸ ਸੱਚ ਦੇ ਰਾਹ ਤੋਂ ਭਟਕ ਜਾਂਦੇ ਨੇ। ਲਛਮਣ, ਅਹੰਕਾਰ ਅੰਧਕਾਰ ਦਾ ਪ੍ਰਤੀਕ ਹੈ, ਅਹੰਕਾਰ ਮਨੁੱਖ ਨੂੰ ਵਿਨਾਸ਼ ਦੀ ਤਰਫ਼ ਲੈ ਜਾਂਦਾ ਹੈ।' ਸੋ ਸ੍ਰੀ ਰਾਮ ਨੇ ਲੰਕਾਪਤੀ ਰਾਵਣ ਦੇ ਦੁਸ਼ਮਣ ਹੁੰਦੇ ਹੋਏ ਵੀ ਆਪਣੇ ਛੋਟੇ ਭਾਈ ਨੂੰ ਉਸਤੋਂ ਗਿਆਨ ਹਾਸਲ ਕਰਨ ਲਈ ਕਿਹਾ ਤੇ ਲਛਮਣ ਨੇ ਗਿਆਨ ਹਾਸਲ ਕੀਤਾ। ਕਹਿਣ ਦਾ ਭਾਵ ਕਿ ਇਕ ਨਿੱਕੀ ਤੋਂ ਨਿੱਕੀ ਘਟਨਾ ਵੀ ਸੰਸਾਰ ਨੂੰ ਪ੍ਰਭਾਵਿਤ ਕਰਦੀ ਹੈ, ਫਿਰ ਉਹ ਭਾਵੇਂ ਕਿਸੇ ਨਾਲ ਵੀ ਘਟੇ। ਚੱਲਦੇ ਵਾਹਨ 'ਤੇ ਘਾਹ ਦਾ ਤਿਨਕਾ, ਇਕ ਮੱਛਰ ਅੱਖ ਵਿਚ ਪੈ ਜਾਵੇ ਤਾਂ ਦੁਰਘਟਨਾ ਦਾ ਕਾਰਨ ਬਣ ਜਾਂਦਾ ਹੈ। ਫਿਰ ਉਹੀ ਦੁਰਘਟਨਾ ਕਈ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਹਰ ਦਿਨ ਹਰ ਪਲ ਇਸ ਸੰਸਾਰ ਵਿਚ ਹੋਈ ਹਿੱਲ ਜੁਲ ਸੰਸਾਰ ਦੇ ਭਵਿੱਖ ਦਾ ਤਖ਼ਤਾ ਪਲਟ ਦੇਂਦੀ ਹੈ।

ਐਸੀ ਹੀ ਇਕ ਘਟਨਾ 20 ਅਪ੍ਰੈਲ 2024 ਨੂੰ ਮੇਰੇ ਨਾਲ ਵਾਪਰੀ। ਜਿਸਨੇ ਮੇਰੀ ਜ਼ਿੰਦਗੀ 'ਚ ਭੂਚਾਲ ਲੈ ਆਂਦਾ। ਜਿਸਨੇ ਮੇਰੇ ਕੱਲ੍ਹ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਮੈਂ ਹੁਣ ਇਸ ਪਲ ਤੱਕ ਨਹੀਂ ਸਮਝ ਪਾ ਰਿਹਾ ਕਿ ਮੈਂ ਅੱਗੇ ਕਰਾਂਗਾ ਕੀ, ਅੱਗੇ ਮੇਰਾ ਭਵਿੱਖ ਕੀ ਹੈ?

ਕੀ ਮੇਰੇ ਜੀਣ ਦਾ ਹੁਣ ਕੋਈ ਮਕਸਦ ਹੈ? ਇਸ 20 ਅਪ੍ਰੈਲ ਨੇ ਮੇਰੀ ਜ਼ਿੰਦਗੀ ਦੀ ਚਾਲ 'ਚ ਜਾਂ ਤਾਂ ਰੁਕਾਵਟ ਲੈ ਆਂਦੀ ਜਾਂ ਫਿਰ ਜੀਣ ਦੀ ਚਾਹ ਨੂੰ ਖ਼ਤਮ ਕਰ ਦਿੱਤਾ।

ਮੇਰੀ ਪਹਿਲੀ ਲਿਖੀ ਗ਼ਜ਼ਲ ਪੜ੍ਹ ਆਪ ਨੂੰ ਅੰਦਾਜ਼ਾ ਤਾਂ ਹੋ ਹੀ ਗਿਆ ਹੋਵੇਗਾ ਕਿ ਮੈਂ ਗੱਲ ਕੀ ਕਰਨ ਲੱਗਾ ਹਾਂ, ਐਸੀ ਕੀ ਘਟਨਾ ਹੈ ਕਿ ਮੈਨੂੰ 20 ਅਪ੍ਰੈਲ ਨੂੰ ਆਪਣੀ ਜ਼ਿੰਦਗੀ 'ਚ ਏਨਾ ਅਹਿਮ ਸਥਾਨ ਦੇਣਾ ਪਿਆ। ਅਗਰ ਨਹੀਂ ਸਮਝੇ ਤਾਂ ਮੁੜ ਤੋਂ ਸ਼ੁਰੂਆਤ 'ਤੇ ਜਾਵੋ ਤੇ ਗ਼ਜ਼ਲ ਪੜ੍ਹ ਲਵੋ। ਗ਼ਜ਼ਲ ਪੜ੍ਹ ਨਹੀਂ ਪਤਾ ਲੱਗਾ ਤਾਂ ਚਲੋ ਆਓ ਆਪਾਂ ਉੱਥੋਂ ਸ਼ੁਰੂ ਕਰਦੇ ਹਾਂ ਜਿੱਥੇ ਕਿਤਾਬ 'ਮੁਹੱਬਤ ਕੌਰ' ਦਾ ਅੰਤ ਕੀਤਾ ਸੀ।

ਸੁਣੋ,

ਪਿਛਲੇ ਸਾਲ 9 ਅਕਤੂਬਰ 2023 ਨੂੰ ਸਾਡੀ ਗੱਲ ਹੋ ਰਹੀ ਸੀ। ਜ਼ਿਆਦਾ ਤਾਂ ਨਹੀਂ ਹੋਈ, ਬਸ ਏਨੀ ਕੁ ਹੀ ਕਿ ਉਸਨੇ ਜਨਮਦਿਨ ਦੀ ਮੁਬਾਰਕ ਦਿੱਤੀ ਤੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਖੁਸ਼ੀ ਦਾ ਟਿਕਾਣਾ ਹੁੰਦਾ ਵੀ ਕਿੱਦਾਂ, ਜਦੋਂ ਤੁਹਾਨੂੰ ਉਹ ਮਿਲ ਜਾਵੇ ਜਿਸਦੀ ਤੁਸੀਂ ਭੋਰਾ ਵੀ ਉਮੀਦ ਨਾ ਕੀਤੀ ਹੋਵੇ। ਖ਼ੈਰ ਉਸਨੇ ਮੇਰੇ ਜਨਮਦਿਨ 'ਤੇ ਮੈਨੂੰ ਮੁਬਾਰਕ ਦਿੱਤੀ, ਮੈਂ ਬਿਨਾਂ ਸੰਦੇਸ਼ ਦੇਖੇ ਫ਼ੂਨ ਦੀ ਸਲਾਈਡ ਤੋਂ ਹੀ ਸਕਰੀਨਸ਼ਾਟ ਲੈ ਸਟੋਰੀ ਲਾ ਦਿੱਤੀ। ਸਟੋਰੀ ਲਾਉਣ ਦਾ ਮਕਸਦ ਦਿਖਾਵਾ ਨਹੀਂ ਸੀ। ਬਸ ਇਹ ਸੀ ਕਿ ਮੈਂ ਆਪਣੀ ਖੁਸ਼ੀ ਸਭ ਨਾਲ ਸਾਂਝੀ ਕਰਨਾ ਚਾਹੁੰਦਾ ਸੀ। ਮੁਹੱਬਤ ਕੌਰ ਨੇ ਮੇਰੀ ਸਟੋਰੀ ਦੇਖੀ ਤੇ ਰਿਪਲਾਇ ਕੀਤਾ, 'ਕੁਝ ਹਾਲ ਨੀਂ।' ਮੈਂ ਉਸਨੂੰ ਧੰਨਵਾਦ ਕੀਤਾ ਤੇ ਸਾਡੀ ਥੋੜੀ ਜਿਹੀ ਗੱਲ ਹੋਈ। ਮੈਂ ਬਹੁਤੀ ਗੱਲ ਕਰਨਾ ਵੀ ਨਹੀਂ ਸੀ ਚਾਹੁੰਦਾ। ਕਿਉਂਕਿ ਮੈਂ ਜਾਣਦਾ ਹਾਂ ਕਿ ਜਦੋਂ ਬਹੁਤੇ ਚਿਰ ਬਾਅਦ ਗੱਲ ਹੋਵੇ ਤਾਂ ਮੈਂ ਆਪਣੇ ਹੋਸ਼ ਗਵਾ ਬੈਠਦਾ ਹਾਂ। ਕਾਹਲੀ ਵਿਚ ਗੱਲ ਉੱਤੇ ਥੱਲੇ ਹੋ ਜਾਂਦੀ ਹੈ ਤੇ ਮੇਰੇ ਕੋਲੋਂ ਆਪਣੀਆਂ ਭਾਵਨਾਵਾਂ ਤੇ ਰੋਕ ਨਹੀਂ ਲਾਈ ਜਾਂਦੀ। ਮੈਂ ਹਾਲ ਚਾਲ ਪੁੱਛਿਆ ਕੁਝ ਦੇਰ ਗੱਲ ਕੀਤੀ ਤੇ ਉਸਨੇ ਮੁੜ ਤੋਂ ਜਨਮਦਿਨ ਮੁਬਾਰਕ ਕਿਹਾ।

ਜਿਵੇਂ ਮੈਂ ਦੱਸਿਆ ਸੀ ਕਿ ਉਸਨੇ ਆਪਣੀ ਨੌਕਰੀ ਛੱਡ ਦਿੱਤੀ ਸੀ, ਪਰ ਗੱਲ ਕਰਨ 'ਤੇ ਪਤਾ ਲੱਗਾ ਕਿ ਉਹ ਮੁੜ ਤੋਂ ਕਿਸੇ ਪ੍ਰਾਇਵੇਟ ਬੈਂਕ 'ਚ ਨੌਕਰੀ ਕਰਨ ਲੱਗੀ ਹੈ। ਬੈਂਕ ਦਾ

ਨਾਂ ਉਸਨੇ ਨਹੀਂ ਦੱਸਿਆ, ਕਾਰਨ ਇਹ ਕਿ ਉਸਨੂੰ ਡਰ ਸੀ ਕਿਧਰੇ ਮੈਂ ਉੱਥੇ ਨਾ ਪਹੁੰਚ ਜਾਵਾਂ। ਮੈਂ ਉਸਨੂੰ ਬਹੁਤਾ ਪੁੱਛਿਆ ਵੀ ਨਾ। ਬਸ ਜਿੰਨੀ ਕੁ ਉਸਨੇ ਗੱਲ ਕਰਨੀ ਚਾਹੀ ਓਨੀ ਹੀ ਕੀਤੀ। ਦਿਨ ਬੀਤੇ ਪਰ ਸਾਡੀ ਬਹੁਤੀ ਗੱਲ ਨਾ ਹੋਈ।

ਫਿਰ ਉਹ ਦਿਨ ਆਇਆ ਜਿਸ ਦਿਨ ਦੀ ਮੈਨੂੰ ਸਾਲ 'ਚ ਸਭ ਤੋਂ ਜ਼ਿਆਦਾ ਉਡੀਕ ਹੁੰਦੀ ਹੈ। ਹਾਂ ਅੱਜ ਤੋਂ ਠੀਕ ਸਾਲ ਪਹਿਲਾਂ ਦਾ ਦਿਨ 26 ਅਕਤੂਬਰ ਦਾ ਦਿਨ। ਪਰ 26 ਅਕਤੂਬਰ ਚੜ੍ਹਨ ਤੋਂ ਪਹਿਲਾਂ ਦੀ 25 ਅਕਤੂਬਰ ਦੀ ਰਾਤ ਮੇਰੀ ਉਸ ਨਾਲ ਕਾਫ਼ੀ ਗੱਲ ਹੋਈ। ਪਤਾ ਨਹੀਂ ਕਿਉਂ ਹੋਈ, ਜਾਂ ਤਾਂ ਉਹ ਗੱਲ ਕਰਨਾ ਚਾਹੁੰਦੀ ਸੀ ਜਾਂ ਫਿਰ ਉਹ ਇਹ ਜਾਣਦੀ ਸੀ ਕਿ ਇਸ ਦੁਨੀਆਂ 'ਤੇ ਅਗਰ ਕਿਸੇ ਨੂੰ ਸਭ ਤੋਂ ਵੱਧ 26ਅਕਤੂਬਰ ਦੀ ਉਡੀਕ ਹੁੰਦੀ ਹੈ ਤਾਂ ਉਹ ਮੈਂ ਹਾਂ। ਹਾਂ ਹੋ ਸਕਦਾ ਇਹ ਮੇਰੀ ਗ਼ਲਤ ਫਹਿਮੀ ਹੋਵੇ, ਹੋ ਸਕਦਾ ਕਿਸੇ ਹੋਰ ਨੂੰ ਮੇਰੇ ਨਾਲੋਂ ਵੀ ਬਹੁਤੀ ਉਡੀਕ ਹੋਵੇ, ਪਰ ਇਹ ਤਾਂ ਓਹੀ ਜਾਣਦਾ। ਹਾਂ ਮੁਹੱਬਤ ਇਹ ਜ਼ਰੂਰ ਜਾਣਦੀ ਹੈ ਕਿ ਮੈਨੂੰ ਇਸ ਦਿਨ ਦੀ ਕਿੰਨੀ ਉਡੀਕ ਹੈ, ਉਹ ਜਾਣਦੀ ਹੈ ਬਹੁਤ ਹੈ ਹੋਰਾਂ ਨਾਲ ਮੈਨੂੰ ਫ਼ਰਕ ਨਹੀਂ। ਮੈਂ ਇਕ ਵਾਰ ਲਿਖਿਆ ਸੀ,

ਸ਼ੁਕਰ ਹੈ ਉਹ ਜਾਣਦੀ ਤਾਂ ਹੈ,
ਕਿ ਮੈਂ ਬਸ ਓਸੇ ਯੋਗਾ ਹਾਂ,
ਉਸਦਾ ਇਹ ਜਾਣਨਾ ਹੀ ਮੇਰਾ ਮੁਕੰਮਲ ਹੋਣਾ ਹੈ।

ਸ਼ਾਇਦ ਇਹ ਮੈਂ ਪਹਿਲਾਂ ਵੀ ਆਪਣੀ ਕਿਸੇ ਕਿਤਾਬ 'ਚ ਲਿਖਿਆ ਹੋਵੇ, ਪਰ ਮੈਨੂੰ ਯਾਦ ਨਹੀਂ, ਭੁੱਲਕੜ ਬਹੁਤ ਹੋ ਗਿਆ ਹਾਂ ਮੈਂ। ਮੈਨੂੰ ਤਾਂ ਨਾਂ ਤੇ ਥਾਂ ਵੀ ਭੁੱਲ ਜਾਂਦੇ ਨੇ ਅੱਜ ਕੱਲ੍ਹ। ਕਈ ਵਾਰ ਕਈ ਪਾਠਕ ਮੇਰੇ ਨਾਲ ਦੋ ਰੋਜਾ ਪਹਿਲਾਂ ਗੱਲ ਕੀਤੀ ਹੁੰਦੀ ਹੈ ਪਰ ਮੁੜ ਗੱਲ ਕਰਨ 'ਤੇ ਮੈਂ ਭੁੱਲ ਜਾਂਦਾ ਹਾਂ ਕਿ ਮੈਂ ਗੱਲ ਕਿਸ ਨਾਲ ਕੀਤੀ ਸੀ। ਫਿਰ ਮੈਨੂੰ ਮੁੜ ਤੋਂ ਸਭ ਪੁੱਛਣਾ ਪੈਂਦਾ ਹੈ। ਜਿਸਨੂੰ ਭਰੀ ਜਵਾਨੀ 'ਚ ਨਾਂ ਥਾਂ ਭੁੱਲ ਜਾਣ, ਤੁਸੀਂ ਆਪ ਹੀ ਸਮਝ ਸਕਦੇ ਹੋ ਕਿ ਉਹ ਬੰਦਾ ਕਿਵੇਂ ਆਪਣੀਆਂ ਕਵਿਤਾਵਾਂ ਯਾਦ ਰੱਖ ਪਾਵੇਗਾ ਕਿ ਕਿਸ ਕਿਤਾਬ 'ਚ ਪਾਈ ਕਿਸ 'ਚ ਨਹੀਂ ਪਾਈ। ਪਰ ਹਾਂ ਬੇਸ਼ੱਕ ਮੈਨੂੰ ਬਹੁਤੀਆਂ ਚੀਜ਼ਾਂ ਭੁੱਲ ਜਾਂਦੀਆਂ ਨੇ

ਪਰ ਕੁਝ ਹੈ ਜੋ ਮੈਨੂੰ ਕਦੇ ਨਹੀਂ ਭੁੱਲਦਾ ਉਹ ਹੈ ਮੁਹੱਬਤ ਨਾਲ ਬਿਤਾਇਆ ਇਕ ਇਕ ਪਲ਼, ਮੁਹੱਬਤ ਦੀ ਯਾਦ 'ਚ ਬਿਤਾਇਆ ਹੋਇਆ ਇਕ ਇਕ ਪਲ਼। ਉਸ ਨਾਲ ਕੀਤੀਆਂ ਗੱਲਾਂ ਸਭ ਯਾਦ ਰਹਿੰਦਾ ਹੈ। ਉਹ ਭੁੱਲਣ ਹੀ ਨਹੀਂ ਦੇਂਦੀ ਤੇ ਨਾ ਹੀ ਮੈਂ ਉਸਨੂੰ ਭੁੱਲਣ ਦੇਂਦਾ ਹਾਂ, ਜਿਵੇਂ ਮੈਂ ਲਿਖਿਆ ਸੀ,

ਬਹੁਤ ਕਰਲੀ ਤੂਨੇ ਅਪਨੀ ਮਨਮਰਜ਼ੀਆਂ ਪ੍ਰੀਤਮ
ਅਬ ਉਸੇ ਭੀ ਹੱਕ ਦੇ ਤੁਝੇ ਭੂਲ ਜਾਨੇ ਕਾ।

ਸੋ ਮੈਂ ਕਹਿ ਰਿਹਾ ਸੀ ਭੁੱਲਕੜ ਹੋ ਗਿਆ ਹਾਂ ਮੈਂ, ਪਰ ਨਾ ਉਸਨੂੰ ਭੁੱਲਦਾ ਹਾਂ ਨਾ ਹੀ ਉਸਨੂੰ, ਮੈਨੂੰ ਭੁੱਲਣ ਦੇਂਦਾ ਹਾਂ। ਹਾਂ ਮੈਂ ਗੱਲ ਕਰਦਾ ਸੀ ਕਿ 25 ਅਕਤੂਬਰ ਦੀ ਰਾਤ ਨੂੰ ਸਾਡੀ ਵਾਹਵਾ ਗੱਲ ਹੋਈ। ਉਹ ਆਪਣੇ ਘਰ ਦੀਆਂ ਗੱਲਾਂ ਕਰ ਰਹੀ ਸੀ ਤੇ ਮੈਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਗੱਲ ਸ਼ੁਰੂ ਹੋਈ ਸੀ ਜਨਮਦਿਨ ਮੁਬਾਰਕ ਤੋਂ।

ਰਾਤ ਦੇ ਕਰੀਬ 10:30 ਮੈਂ ਉਸਨੂੰ ਮੁਬਾਰਕ ਭੇਜੀ ਤੇ ਕਿਹਾ,

"ਪਤਾ ਨਹੀਂ ਤੂੰ ਕੱਲ੍ਹ ਨੂੰ ਮੇਰੇ ਨਾਲ ਗੱਲ ਕਰੇ ਨਾ ਕਰੇ, ਮੈਂ ਨਹੀਂ ਜਾਣਦਾ ਤੇਰੇ ਕੋਲ ਵਕਤ ਹੋਵੇਗਾ ਮੈਨੂੰ ਜੁਆਬ ਦੇਣ ਨੂੰ ਜਾਂ ਨਹੀਂ। ਪਤਾ ਨਹੀਂ ਤੂੰ ਮੇਰੀ ਭੇਜੀ ਮੁਬਾਰਕ ਦੇਖੇਗੀ ਵੀ ਜਾਂ ਨਹੀਂ ਇਸ ਲਈ ਏ ਮੇਰੀ ਮੁਹੱਬਤ, ਜਨਮਦਿਨ ਮੁਬਾਰਕ। ਵਾਹਿਗੁਰੂ ਤੈਨੂੰ ਉਹ ਹਰ ਖੁਸ਼ੀ ਦੇਵੇ ਜਿਸਦੀ ਤੂੰ ਹੱਕਦਾਰ ਹੈ। ਵਾਹਿਗੁਰੂ ਤੇਰੇ ਕਰਮਾਂ ਦੇ ਦੁੱਖ ਮੇਰੀ ਝੋਲੀ ਪਾ ਦੇਵੇ। ਤੈਨੂੰ ਤੱਤੀ 'ਵਾ ਨਾ ਲੱਗੇ।"

ਮੈਂ ਅਜੇ ਸੰਦੇਸ਼ ਭੇਜ ਫ਼ੂਨ ਬੰਦ ਕਰ ਪਾਸੇ ਰੱਖਣ ਹੀ ਲੱਗਾ ਸੀ ਕਿ ਉਸਦਾ ਰਿਪਲਾਇ ਆ ਗਿਆ, "ਬਹੁਤ ਬਹੁਤ ਸ਼ੁਕਰੀਆ।"

ਮੈਂ ਜੁਆਬ ਦਿੱਤਾ, "ਜਾਗਦੀ ਏ ਹਾਲੇ?"

ਉਸਨੇ ਕਿਹਾ, "ਹਾਂ ਬਸ ਸੌਣ ਲੱਗੀ ਹਾਂ, ਤੁਹਾਡਾ ਮੈਸਜ ਆਇਆ ਤੇ ਰੁਕ ਗਈ।"

ਉਸਤੋਂ ਬਾਅਦ ਅਸੀਂ ਆਮ ਗੱਲਾਂ ਕਰਨ ਲੱਗੇ। ਘਰ ਦੀਆਂ ਗੱਲਾਂ ਹੋਣ ਲੱਗੀਆਂ। ਰਾਤ ਦੇ ਕਰੀਬ 12:30 ਤੱਕ ਲਗਾਤਾਰ ਸਾਡੀ ਗੱਲ ਹੋਈ। ਮੈਨੂੰ ਇਕ ਵਾਰ ਵੀ ਨਹੀਂ ਸੀ ਮਹਿਸੂਸ ਹੋ ਰਿਹਾ ਕਿ ਉਸ ਲੰਮੇ ਵਕਤ ਬਾਅਦ ਮੇਰੇ ਨਾਲ ਇੰਝ ਗੱਲ ਕਰ ਰਹੀ ਹੈ। ਸੋ ਮੈਨੂੰ ਚੰਗਾ ਲੱਗਿਆ ਤੇ ਹਾਂ ਸ਼ਾਇਦ ਉਸਨੂੰ ਵੀ ਚੰਗਾ ਲੱਗਿਆ ਹੋਵੇਗਾ। ਤਦੇ ਤਾਂ ਉਹ ਗੱਲ ਕਰਦੀ ਰਹੀ। ਫਿਰ ਅਖ਼ੀਰ ਤੇ ਮੈਂ ਮੁੜ ਜਨਮਦਿਨ ਦੀ ਮੁਬਾਰਕ ਦਿੱਤੀ ਤੇ ਅਸੀਂ ਦੋਵੇਂ ਸੌਂ ਗਏ। ਮੈਂ ਓਸੇ ਹੀ ਰਾਤ ਉਸਦੇ ਜਨਮਦਿਨ ਦੀ ਖ਼ੁਸ਼ੀ 'ਚ 'ਮੁਹੱਬਤ ਕੌਰ' ਕਿਤਾਬ ਪਬਲਿਸ਼ ਕੀਤੀ। ਉਸਨੂੰ ਚੰਗਾ ਲੱਗਾ। ਹਾਲਾਂਕਿ ਉਸਨੇ ਪਹਿਲਾਂ ਹੀ ਪੜ੍ਹ ਲਈ ਸੀ।

ਪਿਛਲੇ ਸਾਲ 2023 'ਚ ਸ਼ਾਇਦ 19 ਅਕਤੂਬਰ ਦੀ ਗੱਲ ਹੈ, ਮੈਂ ਮੁਹੱਬਤ ਕੌਰ ਕਿਤਾਬ ਦਾ ਕਵਰ ਪੇਜ ਰਲੀਜ਼ ਕੀਤਾ ਤਾਂ ਉਸਨੇ ਕਿਹਾ ਕਿ ਉਸਨੂੰ ਭੇਜਾਂ ਕਿਤਾਬ ਤਾਂ ਕਿ ਉਹ ਪੜ੍ਹੇ ਤੇ ਦੇਖੇ ਕਿ ਕੁਝ ਗਲ਼ਤ ਤਾਂ ਨੀ ਲਿਖਿਆ ਮੈਂ ਵਿਚ। ਮੈਂ ਉਸਨੂੰ ਕਿਹਾ ਕਿ ਮੈਂ ਅਜੇ ਕਿਤਾਬ ਲਿਖੀ ਹੀ ਨਹੀਂ ਤੇ ਇਹ ਸੱਚ ਵੀ ਸੀ। ਮੈਂ ਮੁਹੱਬਤ ਕੌਰ ਕਿਤਾਬ 23 ਅਕਤੂਬਰ ਨੂੰ ਲਿਖੀ ਤੇ ਲਿਖਦੇ ਸਾਰ ਹੀ ਉਸਨੂੰ ਭੇਜ ਦਿੱਤੀ। ਉਸਨੇ ਪੜ੍ਹੀ ਜਾਂ ਨਹੀਂ ਪੜ੍ਹੀ ਇਹ ਓਹੀ ਜਾਣਦੀ ਏ। ਹਾਂ ਮੈਂ ਭੇਜ ਜ਼ਰੂਰ ਦਿੱਤੀ ਸੀ। ਵੈਸੇ ਇਹ ਹੋ ਤਾਂ ਸਕਦਾ ਨਹੀਂ ਕਿ ਮੈਂ ਕੁਝ ਉਸਦੇ ਲਈ ਲਿਖਿਆ ਹੋਵੇ ਤੇ ਉਹ ਪੜ੍ਹੇ ਨਾ। ਉਹ ਸਭ ਤੋਂ ਪਹਿਲਾਂ ਪੜ੍ਹਨ ਦੀ ਹੱਕਦਾਰ ਹੈ।

26 ਅਕਤੂਬਰ 2023 ਦੀ ਰਾਤ ਨੂੰ ਮੈਂ ਉਸਨੂੰ ਮੁਬਾਰਕ ਆਖ ਕਿਤਾਬ 'ਮੁਹੱਬਤ ਕੌਰ' ਪਬਲਿਸ਼ ਕੀਤੀ ਤੇ ਫਿਰ ਸੌਂ ਗਏ।

ਅੱਛਾ, ਮੇਰੀ ਕਹਾਣੀ ਪੜ੍ਹਦੇ ਪੜ੍ਹਦੇ ਕਿਤੇ ਅੱਕ ਈ ਨਾ ਜਾਇਓ। ਲਵੋ ਇਕ ਗ਼ਜ਼ਲ ਪੜ੍ਹੋ, ਮੁਹੱਬਤ ਲਈ ਲਿਖੀ ਸੀ, ਉਸਦੀ ਤਰੀਫ਼ 'ਚ। ਸ਼ਾਇਦ ਤੁਹਾਨੂੰ ਚੰਗੀ ਲੱਗੇ, ਅੱਛਾ ਚੰਗੀ ਲੱਗੇ ਤਾਂ ਆਪਣੇ ਮਹਿਬੂਬ ਨੂੰ ਮੈਨਸ਼ਨ ਕਰ ਇਸਦੀ ਸਟੋਰੀ ਜ਼ਰੂਰ ਪਾਇਓ, ਇੰਸਟਾਗ੍ਰਾਮ 'ਤੇ। ਹਾਂ ਹੋ ਸਕੇ ਤਾਂ ਮੈਨੂੰ ਵੀ ਮੈਨਸ਼ਨ ਕਰ ਦੇਣਾ। ਲਵੋ ਗ਼ਜ਼ਲ ਪੜ੍ਹੋ,

ਕਿ ਬਾਰਸ਼ਾਂ ਹੋਈਆਂ ਨੇ ਬੰਜ਼ਰ ਜ਼ਮੀਨ ‘ਤੇ
ਨਜ਼ਰ ਗਈ ਜਦੋਂ ਮੇਰੀ ਚਿਹਰੇ ਹਸੀਨ ‘ਤੇ।

ਮੁਰਦੇ ‘ਚ ਜਾਨ ਫੂਕ ਗਈ ਮੁਸਕਾਨ ਓਹਦੀ
ਅਰਸੇ ਪਿੱਛੋਂ ਰਹਿਮਤ ਹੋਗੀ ਕਿਸੇ ਹੀਣ ‘ਤੇ।

ਜ਼ੁਲਫ਼ਾਂ ਹਨੇਰੀ ਰਾਤ ਜਿੰਨਾ ਹੈ ਸਕੂਨ ਦਿੱਤਾ
ਨੈਣਾਂ ਚਾਨਣੀ ਫੈਲਾਈ ਵਿਹੜੇ ਗ਼ਮਗੀਨ ‘ਤੇ।

ਹੋਠਾਂ ਬੋਲਿਆ ਪ੍ਰੀਤ ਚਾਹਤ ਖ਼ੁਦਾ ਵਾਲੀ ਹੋਗੀ
ਤੀਰ ਸਾਧ ਕੇ ਲਗਾਇਆ ਕੁਹੀ ਸ਼ਾਹੀਨ ‘ਤੇ।

ਨੱਕ ਧੌਣ ਹਿੱਕ ਲੱਕ ਕੱਦ ਇਨ ਬਿਨ ਨੇ ਸਟੀਕ
ਜੜਤ ਨਕਸ਼ਾਂ ਦੀ ਨਾ ਦੇਖੀ ਕਿਸੇ ਮਦੀਨ ‘ਤੇ।

ਲੱਖ ਹਾਰ ਹਾਰ ਥੱਕੇ ਲਿਲਾਰੀ ਨੇ ਜਹਾਨ ਦੇ
ਰੰਗ ਚਾੜ ਨਾ ਸਕੇ ਫ਼ਾ-ਕਮਾਨੇ ਰੰਗੀਨ ‘ਤੇ।

ਅੱਛਾ ਦੱਸ ਦੇਵਾਂ ਕਿ ਕੁਹੀ ਸ਼ਹੀਨ ਇਕ ਪੰਛੀ ਹੈ, ਬਹੁਤੇ ਇਸਨੂੰ ਬਹਿਰੀ ਦੀ ਤਰ੍ਹਾਂ ਮੰਨਦੇ ਹਨ ਕਈ ਇਸਨੂੰ ਅਲੱਗ ਕਿਸਮ ਦਾ ਸ਼ਿਕਾਰੀ ਪੰਛੀ ਵੀ ਮੰਨਦੇ ਨੇ। ਸਭ ਦੇ ਵੱਖੋ ਵੱਖਰੇ ਮੱਤ ਹਨ। ਮੈਂ ਵੀ ਕਦੇ ਦੇਖਿਆ ਤਾਂ ਨਹੀਂ ਹੈ, ਪਰ ਇਸਦੇ ਬਾਰੇ ਪੜ੍ਹਿਆ ਹੈ, ਕਹਿ ਸਕਦੇ ਹੋ ਕਿ ਬਾਜ ਦੇ ਵਰਗਾ ਇਕ ਪੰਛੀ। ਫ਼ਾ-ਕਮਾਨੇ, ਸਤਰੰਗੀ ਪੀਂਘ ਦਾ ਨਾਉਂ ਹੈ।

26 ਅਕਤੂਬਰ 2023 ਨੂੰ ਮੈਂ ਤੜਕੇ ਚਾਰ ਵਜੇ ਉੱਠਿਆ ਤੇ ਨਹਾ ਧੋ, ਤਿਆਰ ਹੋ ਬਾਬੇ ਬਕਾਲੇ ਗੁਰਦੁਆਰਾ ਸਾਹਿਬ ਗਿਆ। ਮੁਹੱਬਤ ਦੇ ਨਾਂ ਦੀ ਅਰਦਾਸਿ ਕਰਵਾਈ ਪ੍ਰਸ਼ਾਦਿ ਕਰਵਾ ਘਰ ਆ ਗਿਆ। ਘਰੋਂ ਚਾਹ ਪਾਣੀ ਪੀਤਾ ਤੇ ਸ੍ਰੀ ਹਰਿਮੰਦਰ ਸਾਹਿਬ,

ਅੰਮ੍ਰਿਤਸਰ ਜਾਣ ਲਈ ਸਟੇਸ਼ਨ 'ਤੇ ਜਾ ਪਹੁੰਚਾ। ਅਜੇ ਪਹੁੰਚਿਆ ਤਾਂ ਟ੍ਰੇਨ ਆਉਣ 'ਚ ਵਕਤ ਸੀ। ਮੈਂ ਮੁਹੱਬਤ ਨੂੰ ਮੁੜ ਤੋਂ ਮੁਬਾਰਕ ਦਿੱਤੀ ਤੇ ਰਾਤ ਦੀ ਚੈਟ ਪੜ੍ਹਨ ਲੱਗਾ। ਅਜੇ ਮੈਂ ਚੈਟ ਪੜ੍ਹਨੀ ਸ਼ੁਰੂ ਹੀ ਕੀਤੀ ਕਿ ਉਸਦਾ ਸੰਦੇਸ਼ ਆ ਗਿਆ, "ਸ਼ੁਕਰੀਆ।"

ਉਸਦਾ ਸੰਦੇਸ਼ ਦੇਖ ਮੈਂ ਖੁਸ਼ ਹੋ ਗਿਆ ਤੇ ਪੁੱਛਿਆ, "ਉੱਠ ਗਏ ਮੇਰੀ ਮੁਹੱਬਤ ਕੌਰ ਜੀ?"

"ਹਾਂਜੀ, ਹੁਣੇ ਉੱਠੀ ਬਸ, ਤੁਸੀਂ ਦੱਸੋ ਕੀ ਕਰਦੇ ਹੋ?"

"ਕੁਝ ਨਹੀਂ ਬਸ ਟ੍ਰੇਨ ਦੀ ਉਡੀਕ।"

"ਅੱਛਾ ਨਿਕਲ ਗਏ ਘਰੋਂ ਦਰਬਾਰ ਸਾਹਿਬ ਜਾਣ ਲਈ?"

"ਤੈਨੂੰ ਪਤਾ ਏ ਮੈਂ ਦਰਬਾਰ ਸਾਹਿਬ ਚੱਲਿਆ?"

"ਹਾਂ ਜੇ ਮੈਨੂੰ ਨੀ ਪਤਾ ਹੋਣਾ ਤੇ ਹੋਰ ਕਿਸਨੂੰ ਪਤਾ ਹੋਵੇਗਾ, ਕਿ ਅੱਜ ਤੁਸੀਂ ਦਰਬਾਰ ਸਾਹਿਬ ਜਾਣਾ ਹੀ ਜਾਣਾ ਹੈ।"

ਮੈਂ ਬੜਾ ਖੁਸ਼ ਹੋਇਆ ਕਿ ਉਹ ਮੈਨੂੰ ਜਾਣਦੀ ਹੈ। ਉਹ ਮੈਨੂੰ ਜਾਣਦੀ ਹੈ, ਮੇਰੀ ਨਿੱਕੀ ਤੋਂ ਨਿੱਕੀ ਹਰਕਤ ਉਸਨੂੰ ਪਤਾ ਹੁੰਦੀ ਹੈ ਤੇ ਫਿਰ ਵੀ ਮੈਂ ਆਖਾਂ ਕਿ ਉਹ ਮੈਨੂੰ ਮੁਹੱਬਤ ਨਹੀਂ ਕਰਦੀ ਇਹ ਤਾਂ ਫਿਰ ਉਸ ਨਾਲ ਬੇਇਨਸਾਫ਼ੀ ਹੈ। ਸੋ ਮੈਂ ਉਸਦਾ ਸੰਦੇਸ਼ ਪੜ੍ਹ ਖੁਸ਼ ਹੋਇਆ ਤੇ ਅੱਗੋਂ ਜੁਆਬ ਦਿੱਤਾ,

"ਆਜਾ ਚੱਲੀਏ।"

ਫਿਰ ਜੋ ਉਸਨੇ ਜੁਆਬ ਦਿੱਤਾ, ਉਸਦਾ ਜੁਆਬ ਪੜ੍ਹ ਮੈਂ ਪੂਰੀ ਤਰ੍ਹਾਂ ਭਰ ਗਿਆ। ਉਸਨੇ ਕਿਹਾ,

"ਤੁਸੀਂ ਜਾਵੋ ਮੈਂ ਜਾਵਾਂ ਇਕ ਹੀ ਗੱਲ ਹੈ। ਤੁਸੀਂ ਹੋ ਹੀ ਆਉਣਾ ਏ।"

ਇਹ ਓਹੀ ਜੁਆਬ ਸੀ ਜੋ ਪਿਛਲੇ ਸਾਲ 26 ਅਕਤੂਬਰ 2022 ਨੂੰ ਉਸਨੂੰ ਮੈਂ ਦਿੱਤਾ ਸੀ। ਉਸ ਦਿਨ ਮੈਂ ਦਰਬਾਰ ਸਾਹਿਬ ਗਿਆ ਸੀ ਤੇ ਉਸਨੂੰ ਪਤਾ ਲੱਗਾ ਕਿ ਮੈਂ ਦਰਬਾਰ ਸਾਹਿਬ ਗਿਆ ਹਾਂ ਉਸਦੇ ਜਨਮਦਿਨ ਕਰਕੇ ਤਾਂ ਉਸਨੇ ਫੇਸਬੁੱਕ 'ਤੇ ਮੈਨੂੰ ਸੰਦੇਸ਼ ਭੇਜਿਆ, "ਦਰਬਾਰ ਸਾਹਿਬ ਜਾਣ ਲਈ ਸ਼ੁਕਰੀਆ, ਮੇਰਾ ਮਨ ਸੀ ਆਉਣ ਦਾ ਪਰ ਮੈਂ ਆ ਨਹੀਂ ਸਕੀਂ। ਤੁਸੀਂ ਮੇਰੇ ਕਰਕੇ ਗਏ, ਮੈਨੂੰ ਚੰਗਾ ਲੱਗਾ।"

ਉਸਨੇ ਬੜੇ ਲੰਮੇ ਸਮੇਂ ਤੋਂ ਮੇਰੇ ਨਾਲ ਗੱਲ ਨਹੀਂ ਸੀ ਕੀਤੀ ਤੇ ਜਦੋਂ ਉਸਨੂੰ ਪਤਾ ਲੱਗਾ ਕਿ ਮੈਂ ਉਸਦੇ ਜਨਮਦਿਨ ਵਾਲੇ ਦਿਨ ਦਰਬਾਰ ਸਾਹਿਬ ਗਿਆ ਤਾਂ ਉਸਨੇ ਮੈਨੂੰ ਸ਼ੁਕਰੀਆ ਦਾ ਸੰਦੇਸ਼ ਭੇਜਿਆ। ਮੈਂ ਵੀ ਬੜੇ ਸਹਿਜ ਨਾਲ ਉਸਨੂੰ ਜੁਆਬ ਦਿੱਤਾ,

"ਕੋਈ ਨਾ ਮੇਰੇ ਸੋਹਣੇ, ਤੂੰ ਗਈ ਮੈਂ ਗਿਆ ਇਕ ਹੀ ਗੱਲ ਹੈ। ਮੈਂ ਹੋ ਆਇਆ ਹਾਂ ਤੇਰੇ ਵੰਡੇ ਦਾ, ਤੇਰੇ ਲਈ ਹੀ ਗਿਆ ਹਾਂ।"

ਇਹ ਉਹੀ ਜੁਆਬ ਸੀ ਜੋ ਮੈਂ 26 ਅਕਤੂਬਰ 2022 ਨੂੰ ਦਿੱਤਾ ਸੀ ਤੇ ਇਹ ਓਹੀ ਜੁਆਬ ਸੀ ਜੋ 26 ਅਕਤੂਬਰ 2023 ਨੂੰ ਮੁੜ ਤੋਂ ਮੈਨੂੰ ਉਸਨੇ ਦਿੱਤਾ ਸੀ। ਉਹ ਆਖਦੇ ਨੇ ਨਾ ਕਿ ਸਬਰ ਕਰ, ਵਕਤ ਦੀ ਚੱਕਰੀ ਘੁੰਮੇਗੀ ਤੇ ਤੁਹਾਡਾ ਵਕਤ ਜਲਦ ਆਵੇਗਾ। ਮੈਨੂੰ ਲੱਗਦਾ ਮੇਰੇ ਨਾਲ ਉਹੀ ਹੋਇਆ ਸੀ।

ਹਾਂ ਵੈਸੇ ਦੇਖਿਆ ਜਾਵੇ ਤਾਂ ਇਸ ਵਿਚ ਕਿਸੇ ਪ੍ਰਕਾਰ ਦਾ ਕੋਈ ਦਿਖਾਵਾ ਨਹੀਂ ਸੀ, ਨਾ ਤਾਂ ਮੈਂ ਉਸਨੂੰ ਦਿਖਾਉਣ ਲਈ ਦਰਬਾਰ ਸਾਹਿਬ ਗਿਆ ਸੀ ਜਾਂ ਜਾਂਦਾ ਹਾਂ ਤੇ ਨਾ ਹੀ ਉਸਨੇ ਸਿਰਫ ਕਹਿਣ ਲਈ ਇਹ ਆਖਿਆ ਸੀ, ਉਸਨੇ ਜੋ ਮਹਿਸੂਸ ਕੀਤਾ ਉਸਨੇ ਉਹ ਕਿਹਾ, ਕਿਉਂਕਿ ਉਹ ਜਾਣਦੀ ਹੈ ਕਿ ਮੈਂ ਚਾਹੇ ਸਾਰਾ ਸਾਲ ਦਰਬਾਰ ਸਾਹਿਬ ਨਾ ਜਾਵਾਂ ਪਰ ਉਸਦੇ ਜਨਮਦਿਨ ਵਾਲੇ ਦਿਨ ਜ਼ਰੂਰ ਜਾਂਦਾ ਹਾਂ। ਮੈਂ ਆਪਣੇ ਜਨਮਦਿਨ ਤਾਂ ਕੀ ਇੱਥੋਂ ਤੱਕ ਕਿ ਆਪਣੇ ਕਿਸੇ ਹੋਰ ਸਾਕ ਸਬੰਧੀ ਦੇ ਜਨਮਦਿਨ 'ਤੇ ਦਰਬਾਰ ਸਾਹਿਬ ਨਹੀਂ ਜਾਂਦਾ ਪਰ ਉਸਦੇ ਜਨਮਦਿਨ ਤੇ ਨਾਗਾ ਨਹੀਂ ਪੈਂਦਾ ਤੇ ਨਾ ਹੀ ਉਹ ਸੱਚੇ ਪਾਤਸ਼ਾਹ ਧੰਨ ਗੁਰੂ ਰਾਮਦਾਸ ਨਾਗਾ ਪੈਣ ਦਿੰਦਾ ਹੈ। ਸੋ ਉਹ ਜਾਣਦੀ ਹੈ, ਜੋ ਮਹਿਸੂਸ ਕਰਦੀ ਹੈ ਕਿ ਭਾਵਨਾ ਕਿਸ ਕਦਰ ਸੱਚ ਹੈ ਉਸੇ ਤਰ੍ਹਾਂ ਦਾ ਜੁਆਬ ਦੇਂਦੀ ਹੈ ਜਿਵੇਂ ਜੋ ਮੈਂ ਮਹਿਸੂਸ ਕਰਦਾ, ਜੋ ਮੇਰੀ ਦਿਲੀ ਚਾਹਤ ਹੁੰਦੀ ਉਹ ਮੈਂ ਕਰਦਾ।

ਮੈਂ ਨਹੀਂ ਸਮਝ ਪਾਉਂਦਾ ਕਿ ਉਸਦੇ ਦਿਲ ਦੇ ਅੰਦਰ ਕੀ ਹੈ ਕਦੇ ਤਾਂ ਉਹ ਇੰਝ ਕਰਦੀ ਹੈ ਉਹ ਬੇਇੰਤਹਾ ਪਿਆਰ ਕਰਦੀ ਹੋਵੇ ਤੇ ਕਦੇ ਇੰਝ ਕਰਦੀ ਹੈ ਕਿ ਮੈਂ ਉਸਦੇ ਲਈ ਕੁਝ ਵੀ ਨਾ ਹੋਵਾਂ। ਏਸੇ ਨੂੰ ਬਿਆਨ ਕਰਦੇ ਮੈਂ ਇਕ ਗ਼ਜ਼ਲ ਲਿਖੀ ਸੀ। ਗ਼ਜ਼ਲ ਸੀ,

ਬੰਦ ਦਰਵਾਜਾ ਖੋਲ੍ਹ ਕੇ ਦੱਸ ਖਾਂ
ਕੀ ਹੈ ਤੇਰੇ ਦਿਲ 'ਚ ਬੋਲ ਕੇ ਦੱਸ ਖਾਂ।

ਜੇ ਮੈਥੋਂ ਅੱਖਾਂ ਪੜ੍ਹ ਹੁੰਦੀਆਂ ਤਾਂ ਪੜ੍ਹ ਲੈਣਾ
ਕਿਉਂ ਤੈਨੂੰ ਆਂਦਾ ਬੁੱਲ੍ਹਾਂ ਡੋਲ੍ਹ ਕੇ ਦੱਸ ਖਾਂ।

ਨਖਰੇ ਨਜ਼ਾਕਤ ਤੇ ਜੋ ਤੇਰੀ ਸ਼ਰਮ ਹਯਾ
ਮੇਰੇ ਇਸ਼ਕ ਦੇ ਚਸ਼ਮੇ ਵਿਚ ਘੋਲ ਕੇ ਦੱਸ ਖਾਂ।

ਬਹੁਤ ਮਿਲਦੇ ਪ੍ਰੀਤਮ ਨੂੰ ਅੱਡ ਅੱਡ ਦੱਸਣ ਵਾਲੇ
ਤੂੰ ਇਕ ਪਲੜੇ ਵਿਚ ਇਹਨੂੰ ਤੋਲ ਕੇ ਦੱਸ ਖਾਂ।

ਮੈਂ 26 ਅਕਤੂਬਰ 2023 ਨੂੰ ਦਰਬਾਰ ਸਾਹਿਬ ਗਿਆ, ਦੁਪਹਿਰ ਤੱਕ ਸੇਵਾ ਕੀਤੀ ਤੇ ਫਿਰ ਕਾਲਜ ਚਲਾ ਗਿਆ। ਕਾਲਜ ਜਾ ਮੈਂ ਸਭ ਨੂੰ ਪ੍ਰਸ਼ਾਦਿ ਛਕਾਇਆ ਤੇ ਸ਼ਾਮ ਨੂੰ ਮੁਹੱਬਤ ਦੇ ਨਾਮ ਦਾ ਕੇਕ ਕੱਟਿਆ। ਸਭ ਠੀਕ ਚੱਲ ਰਿਹਾ ਸੀ, ਪਰ ਮੈਂ ਫਿਰ ਤੋਂ ਭਾਵੁਕ ਹੋ ਗਿਆ ਤੇ ਖ਼ੁਦ ਨੂੰ ਰੋਕ ਨਾ ਪਾਇਆ।

ਸਵੇਰ ਤੋਂ ਸ਼ਾਮ ਚੰਗੀ ਲੰਘੀ ਤੇ ਸ਼ਾਮੀ ਕਰੀਬ ਪੰਜ ਵਜੇ ਮੈਂ ਜੋਮਾਟੋ ਐਪ ਤੋਂ ਉਸਦੇ ਘਰ ਦੇ ਪਤੇ 'ਤੇ ਕੇਕ ਬੁੱਕ ਕਰ ਦਿੱਤਾ। ਕੇਕ ਬੁੱਕ ਹੁੰਦੇ ਸਾਰ ਹੀ ਉਸਨੂੰ ਸੰਦੇਸ਼ ਪਹੁੰਚ ਗਿਆ। ਕੇਕ ਮੈਂ ਆਪਣੇ ਨਾਂ ਤੋਂ ਨਹੀਂ ਬਲਕਿ ਆਪਣੀ ਭੈਣ ਦੇ ਨਾਂ ਤੋਂ ਬੁੱਕ ਕੀਤਾ ਤਾਂ ਕਿ ਉਸਦੇ ਘਰਦੇ ਸਵਾਲ ਨਾ ਕਰਨ। ਪਰ ਜਿਉਂ ਹੀ ਕੇਕ ਬੁੱਕ ਹੋਇਆ ਉਸਦੇ ਫ਼ੂਨ 'ਤੇ ਕੇਕ ਬੁਕਿੰਗ ਦਾ ਸੰਦੇਸ਼ ਜਾ ਪਹੁੰਚਿਆ। ਉਸਦਾ ਓਸੇ ਵੇਲੇ ਹੀ ਮੈਨੂੰ ਸੰਦੇਸ਼ ਆ ਗਿਆ,

"ਤੁਸੀਂ ਕੇਕ ਆਰਡਰ ਕੀਤਾ।"

ਮੈਂ ਸੋਚਿਆ ਮਨ੍ਹਾਂ ਕਰ ਦੇਂਦਾ ਹਾਂ। ਤੇ ਮੈਂ ਓਵੇਂ ਹੀ ਕੀਤਾ, ਮੈਂ ਆਖਿਆ,

"ਨਹੀਂ ਮੈਂ ਤਾਂ ਨਹੀਂ ਕੀਤਾ, ਕਿਸੇ ਹੋਰ ਨੇ ਕੀਤਾ ਹੋਵੇਗਾ।"

ਉਸਦਾ ਬੜੇ ਗੁੱਸੇ ਵਾਲਾ ਜੁਆਬ ਆਇਆ,

"ਮੈਨੂੰ ਪਾਗਲ ਸਮਝਦੇ ਹੋ, ਕੋਈ ਹੋਰ ਹੈ ਜੋ ਕੇਕ ਬੁੱਕ ਕਰੇ। ਹੁਣੇ ਕੈਂਸਲ ਕਰਦੋ ਨਹੀਂ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ।"

ਮੈਂ ਘਬਰਾ ਗਿਆ, ਉਸਨੇ ਕਦੇ ਗੁੱਸਾ ਨਹੀਂ ਸੀ ਕੀਤਾ। ਆਇਆ ਤਾਂ ਸੰਦੇਸ਼ ਸੀ, ਪਰ ਸੰਦੇਸ਼ ਵਿਚੋਂ ਹੀ ਨਜ਼ਰ ਆ ਰਿਹਾ ਸੀ ਕਿ ਉਹ ਕਿੰਨਾ ਗੁੱਸਾ ਮਨਾ ਰਹੀ ਹੈ, ਮੈਨੂੰ ਸਮਝ ਨਾ ਆਵੇ ਮੈਂ ਕੀ ਕਰਾਂ। ਮੈਂ ਵਾਪਿਸ ਜੋਮਾਟੋ ਐਪ 'ਤੇ ਗਿਆ ਤੇ ਕੇਕ ਕੈਂਸਲ ਕਰਨ ਲੱਗਾ, ਪਰ ਕੇਕ ਡਿਲਵਰੀ ਲਈ ਨਿਕਲ ਚੁਕਾ ਸੀ ਤੇ ਉਸਦੇ ਘਰ ਦੇ ਨੇੜੇ ਪਹੁੰਚਣ ਵਾਲਾ ਸੀ। ਮਤਲਬ ਹੁਣ ਕੁਝ ਨਹੀਂ ਸੀ ਹੋ ਸਕਦਾ। ਮੈਂ ਡਰਦੇ ਡਰਦੇ ਨੇ ਸੰਦੇਸ਼ ਭੇਜਿਆ,

"ਯਾਰ ਹੁਣ ਤਾਂ ਕੈਂਸਲ ਨਹੀਂ ਹੋ ਰਿਹਾ, ਮੈਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।"

ਉਸਨੇ ਸੰਦੇਸ਼ ਪੜ੍ਹਿਆ ਤੇ ਮੈਨੂੰ ਉਸੇ ਵੇਲੇ ਹੀ ਕਾਲ ਕੀਤੀ। ਪਹਿਲੀ ਵਾਰ ਮੈਨੂੰ ਉਸਦੀ ਕਾਲ ਚੁੱਕਣ ਤੋਂ ਘਬਰਾਹਟ ਹੋ ਰਹੀ ਸੀ। ਮੇਰੇ ਹੱਥ ਕੰਬ ਰਹੇ ਸਨ ਕਿ ਪਤਾ ਨਹੀਂ ਉਹ ਕਿੰਨੇ ਗੁੱਸੇ ਵਿਚ ਹੋਵੇਗੀ। ਮੈਂ ਕਦੇ ਕਿਸੇ ਗੱਲ ਤੋਂ ਨਹੀਂ ਡਰਦਾ, ਦੁਨੀਆਂ ਏਧਰ ਦੀ ਓਧਰ ਹੋਜੇ ਮੈਨੂੰ ਪਰਵਾਹ ਨਹੀਂ ਹੁੰਦੀ, ਪਰ ਉਸਦੀ ਨਰਾਜ਼ਗੀ ਤੋਂ ਏਨਾ ਡਰ ਹੈ ਕਿ ਪੁੱਛੋ ਹੀ ਨਾ। ਕਿਉਂਕਿ ਮੈਂ ਜਾਣਦਾ ਹਾਂ ਕਿ ਜਦ ਉਹ ਨਰਾਜ਼ ਹੋ ਜਾਵੇ ਫਿਰ ਪਤਾ ਨਹੀਂ ਕਿੰਨੇ ਵਕਤ ਬਾਅਦ ਗੱਲ ਕਰੇਗੀ, ਕਰੇਗੀ ਵੀ ਜਾਂ ਨਹੀਂ। ਉਸਦੀ ਕਾਲ ਆਈ ਤੇ ਮੈਂ ਕਾਫ਼ੀ ਚਿਰ ਬਾਅਦ ਚੁੱਕੀ। ਉਹ ਬੋਲੀ,

"ਤੁਸੀਂ ਆਰਡਰ ਕੈਂਸਲ ਕੀਤਾ ਕਿ ਨਹੀਂ ਕੀਤਾ?"

"ਮੈਂ ਕਰ ਰਿਹਾ ਹਾਂ ਯਾਰ ਪਰ ਹੋ ਨਹੀਂ ਰਿਹਾ।"

"ਤੁਸੀਂ ਸਮਝਦੇ ਕਿਉਂ ਨਹੀਂ ਯਾਰ, ਮੇਰੇ ਘਰ ਕਿਸੇ ਨੂੰ ਮਿਲ ਗਿਆ ਤਾਂ ਹੰਗਾਮਾ ਹੋ ਜਾਣਾ। ਮੈਂ ਘਰ ਨਹੀਂ ਹਾਂ।"

ਉਸਦੇ ਪਿੱਛੇ ਚੱਲ ਰਹੀਆਂ ਆਵਾਜ਼ਾਂ ਤੋਂ ਪਤਾ ਲੱਗ ਰਿਹਾ ਸੀ ਕਿ ਉਹ ਘਰ ਨਹੀਂ ਹੈ, ਉਹ ਸ਼ਾਇਦ ਐਕਟਿਵਾ ਚਲਾ ਰਹੀ ਸੀ। ਮੈਂ ਜੁਆਬ ਦਿੱਤਾ,

"ਮੈਂ ਕਰ ਰਿਹਾ ਟਰਾਇ ਯਾਰ ਪਰ ਨਹੀਂ ਹੋ ਰਿਹਾ ਕੈਂਸਲ, ਦੱਸ ਮੈਂ ਕੀ ਕਰਾਂ। ਤੂੰ ਆਪ ਕਰਦੇ ਕੈਂਸਲ ਜੇ ਹੁੰਦਾ ਤਾਂ। ਜਦੋਂ ਤੈਨੂੰ ਕੇਕ ਵਾਲੇ ਫ਼ੂਨ ਕਰਨ ਤਾਂ ਮੋੜ ਦਵੀਂ ਤੂੰ ਲਵੀਂ ਨਾ ਕੇਕ।"

"ਤੁਸੀਂ ਨਹੀਂ ਕਰਨਾ ਕੁਝ, ਮੈਨੂੰ ਆਪ ਨੂੰ ਹੀ ਕਰਨਾ ਪੈਣਾ ਲੱਗਦਾ।"

ਉਸਨੇ ਏਨਾ ਆਖ ਕਾਲ ਕੱਟ ਦਿੱਤੀ। ਮੈਂ ਜਿੰਨਾ ਖੁਸ਼ ਪੂਰਾ ਦਿਨ ਸੀ, ਓਨਾ ਹੀ ਮਾਯੂਸ ਸ਼ਾਮ ਨੂੰ ਹੋ ਗਿਆ। ਸ਼ਾਮ ਦੇ ਕਰੀਬ ਸੱਤ ਵਜੇ ਮੈਂ ਘਰ ਪਹੁੰਚਿਆ ਤੇ ਆਪਣੇ ਕਮਰੇ 'ਚ ਚਲਾ ਗਿਆ। ਕਰੀਬ 8:45 'ਤੇ ਮੁਹੱਬਤ ਦਾ ਸੰਦੇਸ਼ ਆਇਆ ਤੇ ਉਸਨੇ ਕਿਹਾ,

"ਤੁਸੀਂ ਸਮਝਦੇ ਕਿਉਂ ਨਹੀਂ ਯਾਰ ਕਿ ਇਹ ਸਭ ਕਰਨ ਨਾਲ ਕੁਝ ਨੀ ਹੋਣਾ। ਮੈਂ ਜਾਣਦੀ ਹਾਂ ਕਿ ਤੁਸੀਂ ਮੈਨੂੰ ਮੁਹੱਬਤ ਕਰਦੇ ਹੋ ਤੇ ਜਿੰਨਾ ਤੁਸੀਂ ਮੇਰੇ ਲਈ ਕਰ ਰਹੇ ਹੋ ਜਾਂ ਕਰ ਚੁੱਕੇ ਹੋ ਕਿਸੇ ਲਈ ਏਨਾ ਕਰਨਾ ਬਹੁਤ ਹੁੰਦਾ। ਤੁਹਾਨੂੰ ਮੇਰੇ ਲਈ ਹੋਰ ਕੁਝ ਕਰਨ ਦੀ ਲੋੜ ਨਹੀਂ ਆ। ਤੁਹਾਨੂੰ ਕੁਝ ਵੀ ਸਾਬਤ ਕਰਨ ਦੀ ਲੋੜ ਨਹੀਂ ਆ।"

ਮੈਂ ਆਪੇ ਨੂੰ ਰੋਕਦੇ ਹੋਏ ਬੜੇ ਹੀ ਧੀਰਜ ਨਾਲ ਸੰਦੇਸ਼ ਦਾ ਜੁਆਬ ਦੇਣ ਦੀ ਕੋਸ਼ਿਸ਼ ਕੀਤੀ ਮੈਂ ਕਿਹਾ,

"ਨਹੀਂ ਮੁਹੱਬਤ, ਮੈਂ ਇਹ ਕੁਝ ਸਾਬਤ ਕਰਨ ਲਈ ਨਹੀਂ ਕਰਦਾ, ਬਸ ਤੇਰਾ ਜਨਮਦਿਨ ਸੀ ਤਾਂ ਮੇਰੇ ਤੋਂ ਰਿਹਾ ਨਹੀਂ ਗਿਆ ਕੇਕ ਭੇਜਣ ਤੋਂ।"

"ਜਦੋਂ ਮੈਂ ਤੁਹਾਨੂੰ ਮਨ੍ਹਾ ਕੀਤਾ ਸੀ ਕਿ ਏਦਾਂ ਦਾ ਕੁਝ ਨਾ ਕਰਨਾ, ਤੁਸੀਂ ਫਿਰ ਵੀ ਕੇਕ ਭੇਜਤਾ।"

"ਮੁਆਫ਼ ਕਰਦੇ ਯਾਰ, ਮੁੜ ਏਦਾਂ ਨਹੀਂ ਕਰਾਂਗਾ।"

"ਤੁਸੀਂ ਹਰ ਵਾਰ ਇਹੀ ਆਖਦੇ ਹੋ ਤੇ ਫਿਰ ਤੋਂ ਉਹੀ ਗ਼ਲਤੀ ਦੁਹਰਾਉਂਦੇ ਹੋ।"

"ਨਹੀਂ ਅੱਜ ਤੋਂ ਬਾਅਦ ਕਦੇ ਨੀ ਕਰਦਾ।"

"ਮੈਂ ਅੱਜ ਤੋਂ ਬਾਅਦ ਤੁਹਾਨੂੰ ਗ਼ਲਤੀ ਕਰਨ ਦਾ ਮੌਕਾ ਹੀ ਨਹੀਂ ਦੇਣਾ। ਪਹਿਲਾਂ ਹੀ ਕਿੰਨੀ ਵਾਰ ਮੌਕਾ ਦੇ ਚੁੱਕੀ ਹਾਂ।"

"ਪਲੀਜ਼ ਯਾਰ ਤੂੰ ਨਰਾਜ਼ ਨਾ ਹੋ।"

"ਨਹੀਂ, ਮੈਂ ਬਿਲਕੁਲ ਨਰਾਜ਼ ਨਹੀਂ ਹਾਂ, ਬਸ ਮੈਨੂੰ ਉਦੋਂ ਥੋੜਾ ਜਿਹਾ ਗੁੱਸਾ ਆਇਆ ਸੀ ਕਿ ਤੁਹਾਡੇ ਨਾਲ ਮੈਂ ਥੋੜੀ ਜਿਹੀ ਗੱਲ ਕੀ ਕਰ ਲਵਾਂ ਤੁਸੀਂ ਉਹੀ ਸਭ ਕਰਨ ਲੱਗ ਜਾਂਦੇ ਹੋ।"

"ਮੁਆਫ਼ ਕਰਦੇ ਯਾਰ। ਤੂੰ ਕੇਕ ਕੈਂਸਲ ਕਰਤਾ?"

"ਮੈਂ ਤੇ ਫਿਰ ਕੈਂਸਲ ਕਰਨਾ ਹੀ ਸੀ। ਮੈਂ ਤੁਹਾਨੂੰ ਤਦ ਆਰਡਰ ਕੈਂਸਲ ਕਰਨ ਲਈ ਕਹਿ ਰਹੀ ਸੀ ਕਿ ਜੇਕਰ ਮੈਂ ਕੈਂਸਲ ਕੀਤਾ ਤਾਂ ਤੁਹਾਨੂੰ ਕੋਈ ਰੀਫੰਡ ਵਾਪਸ ਨਹੀਂ ਆਉਣਾ। ਤੁਸੀਂ ਆਪ ਕਰੋਗੇ ਕੈਂਸਲ ਤਾਂ ਘੱਟੋ ਘੱਟ ਪੈਸੇ ਤਾਂ ਵਾਪਿਸ ਆ ਜਾਣਗੇ ਤੁਹਾਨੂੰ।"

"ਪੈਸਿਆਂ ਦੀ ਕੋਈ ਗੱਲ ਨਹੀਂ, ਤੂੰ ਕੈਂਸਲ ਕਰਤਾ ਬਸ ਬਹੁਤ ਆ।"

"ਤੁਹਾਡੇ ਲਈ ਪੈਸਿਆਂ ਦੀ ਗੱਲ ਨਾ ਹੋਵੇ ਪਰ ਮੇਰੇ ਲਈ ਤਾਂ ਤੁਹਾਡੇ ਪੈਸੇ ਅਹਿਮੀਅਤ ਰੱਖਦੇ ਨੇ।"

"ਪਲੀਜ਼ ਤੂੰ ਨਰਾਜ਼ ਨਾ ਹੋ ਅੱਜ ਦੇ ਦਿਨ। ਮੈਂ ਫਿਰ ਕਦੇ ਤੇਰੇ ਤੋਂ ਪੁੱਛੇ ਬਿਨਾਂ ਕੁਝ ਨੀ ਭੇਜਦਾ।"

"ਪੁੱਛੋ ਨਾ ਪੁੱਛੋ ਕੀ ਫ਼ਰਕ। ਕੇਕ ਲਈ ਵੀ ਤਾਂ ਪੁੱਛਿਆ ਸੀ ਤੇ ਮੈਂ ਮਨ੍ਹਾ ਵੀ ਕੀਤਾ ਸੀ। ਪਰ ਕਰਨੀ ਤਾਂ ਤੁਸੀਂ ਆਪਣੀ ਮਰਜ਼ੀ ਹੀ ਆ ਨਾ।"

"ਮੁਆਫ਼ ਕਰਦੇ ਯਾਰ।"

"ਹੁਣ ਤੁਸੀਂ ਮੁਆਫ਼ੀ ਨਾ ਮੰਗੋ ਵਾਰ ਵਾਰ। ਸਭ ਠੀਕ ਹੈ।"

"ਤੂੰ ਖੁਸ਼ ਹੈ ਨਾ।"

"ਹਾਂ ਖੁਸ਼ ਹਾਂ। ਬਸ ਪਹਿਲੀ ਵਾਰ ਮੰਮੀ ਡੈਡੀ ਬਿਨਾਂ ਜਨਮਦਿਨ 'ਤੇ 'ਕੱਲੀ ਹਾਂ ਤਾਂ ਕਰਕੇ ਠੀਕ ਆ ਬਸ।"

"ਕੋਈ ਨਾ ਉਹਨਾਂ ਵੀ ਆ ਹੀ ਜਾਣਾ ਜਲਦ।"

"ਹਾਂ ਮੇਰੀ ਹੋਈ ਗੱਲ ਵੀਡੀਓ ਕਾਲ 'ਤੇ।"

ਅਸੀਂ ਨਿੱਕੇ ਜਿਹੇ ਝਗੜੇ ਤੋਂ ਬਾਅਦ ਮੁੜ ਤੋਂ ਉਸਦੇ ਪਰਿਵਾਰ ਦੀਆਂ ਗੱਲਾਂ ਕਰਨ ਲੱਗੇ। ਉਸਦੇ ਮੰਮੀ ਡੈਡੀ ਕੁਝ ਦਿਨ ਪਹਿਲਾਂ ਹੀ ਹਜ਼ੂਰ ਸਾਹਿਬ ਗਏ ਹੋਏ ਸਨ। ਤੇ ਘਰੇ ਉਸਦੇ ਦਾਦੀ ਜੀ ਤੇ ਨਿੱਕਾ ਭਰਾ ਸੀ ਸਿਰਫ। ਪਹਿਲੀ ਵਾਰ ਉਸਨੇ ਆਪਣੇ ਮੰਮੀ ਡੈਡੀ ਦੀ ਗ਼ੈਰ ਮੌਜੂਦਗੀ ਵਿਚ ਜਨਮਦਿਨ ਦਾ ਕੇਕ ਕੱਟਿਆ ਸੀ। ਇਸ ਕਾਰਨ ਉਹ ਥੋੜਾ ਉਦਾਸ ਸੀ। ਤੇ ਦੂਸਰੀ ਗਲ਼ਤੀ ਮੈਂ ਕਰ ਦਿੱਤੀ ਕਿ ਉਸਦੇ ਰੋਕਣ ਦੇ

ਬਾਵਯੂਦ ਮੈਂ ਉਸਦੇ ਘਰ ਦੇ ਪਤੇ 'ਤੇ ਕੇਕ ਭੇਜ ਰਿਹਾ ਸੀ। ਮੈਂ ਉਸਦੀ ਇਸ ਗੱਲ ਲਈ ਹੈਰਾਨ ਸੀ ਕਿ ਉਸਨੂੰ ਕੇਕ ਕੈਂਸਲ ਕਰਨ ਦੀ ਫ਼ਿਕਰ ਨਾਲੋਂ ਇਸ ਗੱਲ ਦੀ ਜ਼ਿਆਦਾ ਫ਼ਿਕਰ ਸੀ ਕਿ ਮੇਰੇ ਪੈਸੇ ਨਾ ਖ਼ਰਾਬ ਹੋ ਜਾਣ। ਖ਼ੈਰ ਗੱਲ ਬਹੁਤੀ ਵਿਗੜੀ ਤਾਂ ਨਹੀਂ ਸੀ ਲੱਗਦੀ। ਪਰ ਫਿਰ ਵੀ ਕਿਤੇ ਨਾ ਕਿਤੇ ਤਾਂ ਮੁੜ ਤੋਂ ਸੂਈ ਓਧਰ ਨੂੰ ਤੁਰ ਪਈ ਸੀ ਜਿਧਰੋਂ ਮੁੜ ਆਈ ਸੀ। ਮੇਰੇ ਮਨ 'ਚ ਇਹ ਵਿਚਾਰ ਜ਼ਰੂਰ ਆਈ ਪਰ ਉਸਦੇ ਮਨ ਦੀ ਬਾਅਦ 'ਚ ਖ਼ਬਰ ਹੋਈ। ਖ਼ੈਰ ਉਸਦੀ ਰਾਤ ਕੀਤੀ ਗੱਲ ਲਈ ਮੇਰੇ ਕੋਲ ਜੁਆਬ ਨਹੀਂ ਸੀ, ਮੈਂ ਤਾਂ ਬਸ ਇਹੀ ਕਹਿਣਾ ਚਾਹੁੰਦਾ ਸੀ ਕਿ ਮੁਹੱਬਤ ਮੈਂ ਜੋ ਵੀ ਕਰਦਾ ਹਾਂ ਇਸ ਲਈ ਕਰਦਾ ਹਾਂ ਕਿ ਮੈਂ ਤੈਨੂੰ ਬੇਇੰਤਹਾ ਮੁਹੱਬਤ ਕਰਦਾ ਹਾਂ। ਤੇ ਮੇਰਾ ਦਿਲ ਕਰਦਾ ਹੈ ਤੇਰੇ ਲਈ ਹਰ ਇਕ ਚੀਜ਼ ਕਰਨ ਨੂੰ, ਉਸ 'ਚ ਭਾਵੇਂ ਮੇਰੀ ਹਾਨੀ ਹੀ ਕਿਉਂ ਨਾ ਹੋਵੇ। ਮੁਹੱਬਤ ਕੋਰੇ ਤੂੰ ਮੇਰੇ ਤੋਂ ਮੁੱਖ ਨਾ ਫੇਰਿਆ ਕਰ, ਮੈਂ ਲਿਖਿਆ,

ਦੱਬ ਕੇ ਰੱਖਦਾ ਬੋਲ ਨਈਂ ਹੁੰਦਾ
ਤੇਰੇ ਅੱਗੇ ਖ਼ੁਦ ਨੂੰ ਖੋਲ੍ਹ ਨਈਂ ਹੁੰਦਾ।

ਮਰ ਜਾਂਦਾ ਮੈਂ ਓਸੇ ਵੇਲੇ ਸੱਜਣਾ
ਜੇ ਉਡੀਕ ਤੇਰੀ ਵਿਚ ਗੋਲ ਨਈਂ ਹੁੰਦਾ।

ਤੇਰਾ ਸਬਰ ਵੀ ਸੱਜਣਾ ਮੈਂ ਜਾਣਦੈ
ਕਿਉਂ ਮੁਹੱਬਤ ਤੇਰੇ ਤੋਂ ਫੋਲ ਨਈਂ ਹੁੰਦਾ।

ਰੱਬ ਨੂੰ ਰੱਬ ਕਦੇ ਮੈਂ ਨਾ ਆਖਾਂ
ਜੇ ਰੱਬ ਵਿਚ ਤੇਰਾ ਘੋਲ ਨਈਂ ਹੁੰਦਾ।

ਦੁਨੀਆਂ ਦਾਰੀ ਬਸ ਵਹਿਮ ਦਾ ਕੀੜਾ
ਹੱਕ ਸੱਚ ਲਈ ਕਿਸੇ ਤੋਂ ਬੋਲ ਨਈਂ ਹੁੰਦਾ।

ਪ੍ਰੀਤ ਤੋਂ ਮੁਹੱਬਤ ਅੱਡ ਅੱਡ ਨਾ ਵੇਖੀਂ
ਕਦੇ ਕਿਨਾਰਾ ਕਿਨਾਰੇ ਦੇ ਕੋਲ ਨਈਂ ਹੁੰਦਾ।

ਦਿਨ ਗੁਜ਼ਰਿਆ ਮੇਰੀ ਦੋ ਚਾਰ ਦਿਨ ਤੱਕ ਗੱਲ ਨਾ ਹੋਈ। ਕੁਝ ਦਿਨਾਂ ਬਾਅਦ ਗੱਲ ਹੋਈ। ਉਹ ਵੀ ਜ਼ਿਆਦਾ ਨਹੀਂ ਬਸ ਥੋੜੀ ਬਹੁਤ। ਪਰ ਮੈਂ ਪਹਿਲਾਂ ਦੀ ਤਰ੍ਹਾਂ ਰੋਜ਼ ਸ਼ੁੱਭ ਸਵੇਰ ਨਹੀਂ ਸੀ ਭੇਜਦਾ। ਨਾ ਹੀ ਕਦੇ ਆਪ ਹਾਲ ਚਾਲ ਪੁੱਛਣ ਲਈ ਸੰਦੇਸ਼ ਭੇਜਦਾ ਸੀ। ਹਾਂ ਇੰਸਟਾਗ੍ਰਾਮ 'ਤੇ ਰੀਲਾਂ ਜ਼ਰੂਰ ਭੇਜ ਦਿੰਦਾ ਸੀ। ਕਦੇ ਕਦੇ ਮਜ਼ਾਕੀਆ ਤੇ ਕਦੇ ਕਦੇ ਰੋਮਾਂਟਿਕ। ਜਿਸ 'ਚ ਮੇਰੇ ਦਿਲ ਦੀ ਗੱਲ ਹੁੰਦੀ ਹੋਵੇ। ਉਹ ਕਈ ਵਾਰ ਰੀਲ ਦਾ ਰਿਪਲਾਇ ਕਰ ਦੇਂਦੀ ਸੀ ਜਿਸਤੋਂ ਅਸੀਂ ਮੁੜ ਗੱਲ ਕਰਨ ਲੱਗਦੇ ਸਾਂ। ਮੈਂ ਕਾਲਜ ਦੇ ਕੰਮਾਂ 'ਚ ਵਾਵਾ ਵਿਅਸਤ ਸੀ। ਸਵੇਰੇ ਸੱਤ ਵਜੇ ਦੀ ਗੱਡੀ ਚੜ੍ਹਨਾ ਤੇ ਸ਼ਾਮੀ ਪੰਜ ਛੇ ਵਜੇ ਹੀ ਘਰੇ ਵਾਪਸ ਆਉਣਾ। ਅਕਤੂਬਰ ਤੋਂ ਬਾਅਦ ਨਵੰਬਰ ਦਾ ਮਹੀਨਾ ਆ ਗਿਆ ਤੇ ਦਿਨਾਂ ਵਿਚ ਵੀ ਵਾਵਾ ਫਰਕ ਪੈ ਗਿਆ। ਦਿਨ ਨਿੱਕੇ ਹੋ ਗਏ ਸਨ ਤੇ ਹਨੇਰਾ ਜਲਦੀ ਹੀ ਹੋ ਜਾਂਦਾ ਸੀ। ਤੇ ਘਰ ਆਉਂਦੇ ਹੀ ਮੈਂ ਰੋਟੀ ਪਾਣੀ ਛੱਕ ਸੌਂ ਜਾਣ ਨੂੰ ਪਹਿਲ ਦੇਂਦਾ ਸਾਂ। ਨੀਂਦ ਮੇਰੀ ਸ਼ੁਰੂ ਤੋਂ ਪਹਿਲ ਰਹੀ ਹੈ। ਕੋਈ ਫ਼ੂਨ ਕਰੇ ਮੈਸਜ ਕਰੇ, ਮੈਨੂੰ ਭੋਰਾ ਪਰਵਾਹ ਨਹੀਂ ਹੁੰਦੀ। ਮੈਂ ਆਪਣਾ ਫ਼ੂਨ ਬੰਦ ਕਰ ਬਸ ਸੌਂ ਜਾਂਦਾ ਹਾਂ ਤੇ ਹੁਣ ਵੀ ਇਹੀ ਹਾਲ ਹੈ। ਮੁਹੱਬਤ ਦਾ ਵੀ ਕਈ ਵਾਰ ਦੇਰ ਰਾਤ ਸੰਦੇਸ਼ ਆਉਣਾ ਪਰ ਮੈਂ ਸੁੱਤੇ ਹੋਣਾ ਇਸ ਕਰਕੇ ਗੱਲ ਨਾ ਮਾਤਰ ਹੀ ਹੁੰਦੀ ਸੀ। ਇਕ ਵਾਰ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ ਐਤਵਾਰ ਦਾ ਦਿਨ ਸੀ। ਮੈਂ ਦਿਨੇ ਸੁੱਤਾ ਰਿਹਾ ਤੇ ਰਾਤ ਨੀਂਦ ਦੇਰੀ ਨਾਲ ਈ ਆਉਣੀ ਸੀ ਤਾਂ ਮੈਂ ਇੰਸਟਾਗ੍ਰਾਮ 'ਤੇ ਰੀਲਾਂ ਦੇਖਦੇ ਇਕ ਰੀਲ ਮੁਹੱਬਤ ਨੂੰ ਭੇਜੀ। ਉਸਨੇ ਦੇਖੀ ਤੇ ਕਿਹਾ,

"ਤੁਸੀਂ ਵਿਆਹ ਕਿਉਂ ਨਹੀਂ ਕਰਵਾਉਂਦੇ।"

ਮੈਂ ਹੱਸਿਆ ਤੇ ਕਿਹਾ,

"ਤੂੰ ਕਰਵਾ ਲੈ, ਤੇਰੇ ਬਾਅਦ ਮੈਂ ਵੀ ਕਰਵਾ ਲਵੂ ਜੇ ਕਰਵਾਉਣ ਦਾ ਦਿਲ ਕੀਤਾ ਤਾਂ।"

"ਤੁਸੀਂ ਕਰਵਾ ਲਵੋ ਹਾਂ ਪਲੀਜ਼। ਅੱਗੇ ਵਧੋ ਹਾਂ, ਮੈਂ ਜਾਣਦੀ ਹਾਂ ਵਾਧੂ ਕੁੜੀਆਂ ਨੇ, ਜੇ ਤੁਸੀਂ ਚਾਹੋ ਤਾਂ ਅੱਜ ਅੱਗੇ ਵੱਧ ਸਕਦੇ ਹੋ ਵਧਦੇ ਕਿਉਂ ਨਹੀਂ?"

ਮੈਂ ਉਸਦੀ ਮੇਰੇ ਲਈ ਫ਼ਿਕਰ ਨੂੰ ਸਾਫ ਦੇਖ ਰਿਹਾ ਸੀ। ਉਹ ਭਾਵੇਂ ਆਖਦੀ ਨਹੀਂ ਸੀ ਪਰ ਮੈਂ ਜਾਣਦਾ ਜ਼ਰੂਰ ਸੀ। ਮੈਂ ਆਖਿਆ,

"ਤੈਨੂੰ ਕੀ ਦੱਸ ਤੂੰ ਕਰਵਾ ਲੈ ਵਿਆਹ, ਮੇਰੀ ਫ਼ਿਕਰ ਕਾਹਤੋਂ ਤੈਨੂੰ?"

"ਮੈਨੂੰ ਕੋਈ ਫ਼ਿਕਰ ਨਹੀਂ ਤੁਹਾਡੀ, ਮੈਂ ਤਾਂ ਬਸ ਇਹ ਕਹਿੰਦੀ ਕਿ ਜੋ ਤੁਸੀਂ ਮੇਰੇ ਲਈ ਕਰਦੇ ਹੋ ਮੈਂ ਸਭ ਜਾਣਦੀ ਹਾਂ, ਤੇ ਹੁਣ ਬਸ ਕਰੋ।"

"ਤੂੰ ਆਪਣਾ ਕਰ ਜੋ ਤੈਨੂੰ ਠੀਕ ਲੱਗਦਾ ਮੈਂ ਆਪਣਾ ਕਰੂ।"

"ਠੀਕ ਆ ਜੋ ਤੁਹਾਨੂੰ ਚੰਗਾ ਲੱਗਦਾ ਕਰੋ।"

ਮੈਂ ਹੱਸਿਆ ਤੇ ਫਿਰ ਗੱਲ ਬਦਲ ਲਈ। ਕੁਝ ਦੇਰ ਪਿੱਛੋਂ ਉਹ ਰੋਟੀ ਖਾਣ ਚਲੀ ਗਈ ਤੇ ਮੈਂ ਉਦੋਂ ਤੱਕ ਇਕ ਕਵਿਤਾ ਲਿਖ ਉਸਨੂੰ ਭੇਜੀ। ਕਵਿਤਾ ਸੀ,

ਕਿਸੇ ਹੋਰ ਨੂੰ ਮੈਂ ਤੱਕ ਨਹੀਂ ਸਕਦਾ
ਤੇਰੇ ਤੋਂ ਨਜ਼ਰਾਂ ਚੱਕ ਨਹੀਂ ਸਕਦਾ।

ਤੂੰ ਰੋਕ ਛੱਡ ਭਾਵੇਂ ਮੋਹ ਦੀਆਂ ਤੰਦਾਂ
ਮੈਂ ਤੇਰੇ ਤੋਂ ਸਾਹਵਾਂ ਡੱਕ ਨਹੀਂ ਸਕਦਾ।

ਤੂੰ ਪਰਦੇ ਪਾ ਰੱਖ ਨਫ਼ਰਤ ਦੇ ਭਾਵੇਂ
ਮੈਂ ਮੁਹੱਬਤ ਆਪਣੀ ਢੱਕ ਨਹੀਂ ਸਕਦਾ।

ਤੂੰ ਮੇਰੇ ‘ਤੇ ਜਿੱਦਾਂ ਹੁਕਮ ਚਲਾਉਂਦਾ ਏ
ਮੈਂ ਤੇਰੇ ‘ਤੇ ਰੱਖ ਹੱਕ ਨਹੀਂ ਸਕਦਾ।

ਇਕ ਜਨਮ ਛੱਡ ਭਾਵੇਂ ਸੌ ਜਨਮ ਲਗਾਦੇ
ਮੈਂ ਇੰਤਜ਼ਾਰ ਵੀ ਕਰਦਾ ਥੱਕ ਨਹੀਂ ਸਕਦਾ।

ਕਰੀਬ 11 ਵਜੇ ਤੱਕ ਮੈਂ ਉਡੀਕ ਕੀਤੀ ਤੇ ਫਿਰ ਸੌਂ ਗਿਆ। 11:30 ਵਜੇ ਉਸਨੇ ਕਵਿਤਾ ਪੜ੍ਹੀ ਪਰ ਕੋਈ ਰਿਐਕਟ ਨਾ ਕੀਤਾ। ਉਸ ਪਿੱਛੋਂ ਮੈਂ ਕਦੇ ਕਦੇ ਰੀਲ ਭੇਜ ਦੇਂਦਾ ਤੇ ਉਹ ਦੇਖ ਲੈਂਦੀ। ਦਿਨ ਗੁਜਰੇ ਤੇ ਦਿਵਾਲੀ ਆ ਗਈ। 12 ਨਵੰਬਰ 2023 ਦਿਨ ਐਤਵਾਰ ਸੀ, ਮੈਂ ਉਸਨੂੰ ਦਿਵਾਲੀ ਦੀ ਮੁਬਾਰਕ ਦਿੱਤੀ ਤੇ ਉਸਨੇ ਵੀ ਮੁਬਾਰਕ ਦਿੱਤੀ। ਸਾਰਾ ਦਿਨ ਚੰਗਾ ਗੁਜਰਿਆ। ਗੁਰਦੁਆਰਾ ਸਾਹਿਬ ਗਿਆ ਤੇ ਉਸਦੇ ਨਾਂ ਦੀਆਂ ਗੁਰੂ ਘਰ ਮੋਮਬੱਤੀਆਂ ਬਾਲ਼ੀਆਂ। ਫਿਰ ਇਕ ਤਸਵੀਰ ਸਾਂਝੀ ਕਰ ਇਕ ਸ਼ਾਇਰੀ ਲਿਖੀ,

ਤੇਰੇ ਨਾਂ ਦੀਆਂ ਮੋਮਬੱਤੀਆਂ ਬਾਲ਼ ਰਿਹਾ ਹਾਂ,
ਹੇ ਖ਼ੁਦਾਇਆ ਅਗਲੀ ਦਿਵਾਲੀ ਤੇਰੇ ਨਾਲ ਹੋਵੇ।

ਰਾਤ ਵਧੀਆ ਲੰਘ ਰਹੀ ਸੀ ਤਾਂ ਉਸਦਾ ਸਟੇਟਸ ਦੇਖਿਆ। ਉਹ ਆਪਣੇ ਘਰ ਦੀ ਛੱਤ 'ਤੇ ਦੀਵੇ ਬਾਲ਼ ਰਹੀ ਸੀ ਤੇ ਉਸਨੇ ਉਹੀ ਕੱਚਾ ਪੀਲਾ ਸੂਟ ਪਾਇਆ ਸੀ ਜੋ ਮੈਂ ਸਾਡੀ ਆਖ਼ਰੀ ਮੁਲਾਕਾਤ ਨੂੰ ਜੋ 4 ਅਗਸਤ 2022 ਨੂੰ ਹੋਈ ਸੀ ਉਦੋਂ ਤੋਹਫ਼ੇ ਵਜੋਂ ਦਿੱਤਾ ਸੀ। ਮੇਰਾ ਦਿੱਤਾ ਸੂਟ ਉਸਨੇ ਦਿਵਾਲੀ ਵਾਲੇ ਦਿਨ ਪਾਇਆ ਸੀ। ਮੇਰੇ ਲਈ ਇਸਤੋਂ ਵੱਧ ਖੁਸ਼ੀ ਦੱਸੋ ਕੀ ਹੋ ਸਕਦੀ ਸੀ। ਫਿਰ ਉਸਨੇ ਆਪਣੀ ਤਸਵੀਰ 'ਤੇ ਇਕ ਸ਼ਾਇਰੀ ਵੀ ਲਿਖੀ ਸੀ। ਸ਼ਾਇਰੀ ਸੀ,

ਸੂਰਤ ਓਹਦੀ ਪਰਤ ਜਿਉਂ ਨਿਰੀ ਬਦਾਮਾਂ ਦੀ,
ਅੱਖ ਅੱਲੜ੍ਹ ਦੀ ਇਉਂ ਜਿਉਂ ਗਿਰੀ ਬਦਾਮਾਂ ਦੀ।

ਮੈਂ ਨਹੀਂ ਜਾਣਦਾ ਇਹ ਉਸਦੀ ਲਿਖੀ ਹੈ ਜਾਂ ਕਿਸੇ ਹੋਰ ਦੀ ਪਰ ਇਹ ਪੜ੍ਹ ਮੈਨੂੰ ਇਹ ਜ਼ਰੂਰ ਲੱਗਾ ਕਿ ਇਹ ਉਸਨੇ ਮੇਰੇ ਲਈ ਹੀ ਪਾਈ ਹੋਵੇ। ਲੱਗੇਗਾ ਵੀ ਕਿਉਂ ਨਾ, ਉਸਨੇ ਮੇਰਾ ਦਿੱਤਾ ਸੂਟ ਜੋ ਇਸ ਸੋਹਣੇ ਦਿਨ 'ਤੇ ਪਾਇਆ ਸੀ। ਮੈਨੂੰ ਚੰਗਾ ਲੱਗਿਆ। ਸਭ ਠੀਕ ਚੱਲ ਰਿਹਾ ਸੀ। ਮੇਰੀ ਕਿੰਨੇ ਦਿਨਾਂ ਤੋਂ ਉਸ ਨਾਲ ਗੱਲ ਨਹੀਂ ਸੀ ਹੋਈ। ਇਕ ਦਿਨ ਮੈਂ ਇੰਸਟਾਗ੍ਰਾਮ ਦੇਖ ਰਿਹਾ ਸੀ ਤਾਂ ਉਸਦੀ ਪ੍ਰੋਫਾਇਲ ਦਿਖਾਈ ਨਹੀਂ ਸੀ ਦੇ ਰਹੀ। ਮੈਂ ਜਾਣ ਗਿਆ ਕਿ ਉਸਨੇ ਮੁੜ ਤੋਂ ਮੈਨੂੰ ਬਲੌਕ ਕਰ ਦਿੱਤਾ ਹੈ। ਉਸ ਦਿਨ ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ ਸੀ। ਮੇਰੇ ਮਨ 'ਚ ਵਿਚਾਰ ਆਈ ਕਿ ਹੇ ਨਾਨਕਾ ਮੇਰੇ ਲਈ ਕਿਵੇਂ ਦਾ ਗੁਰਪੁਰਬ ਚੜ੍ਹਿਆ ਈ। ਇਕ ਦਮ ਅਰਸ਼ੋਂ ਫਰਸ਼ 'ਤੇ ਸੁੱਟ ਦਿੱਤਾ ਈ। ਸਾਰਾ ਦਿਨ ਨਾਮੋਸ਼ੀ 'ਚ ਲੰਘਿਆ। ਮੈਂ ਗੁਰਪੁਰਬ ਦੀ ਮੁਬਾਰਕ ਦੇਣ ਲਈ ਮੈਸਜ ਵੀ ਕੀਤਾ ਸੀ ਪਰ ਮੈਂ ਤਾਂ ਬਲੌਕ ਸਾਂ, ਮੁਬਾਰਕ ਕਿਵੇਂ ਜਾਂਦੀ। ਮੈਂ ਕਵਿਤਾ ਲਿਖੀ,

ਕਿੰਨੀ ਉਮਰ ਗੁਜ਼ਰ ਗਈ ਮੇਰੀ,  
ਤੇਰਾ ਇੰਤਜ਼ਾਰ ਕਰਦਿਆਂ,  
ਨਾ ਦਿਨ ਦੇਖਿਆ ਨਾ ਰਾਤ ਮੈਂ,  
ਪਿਆਰ ਦਾ ਇਜ਼ਹਾਰ ਕਰਦਿਆਂ,  
ਇਹੀ ਜਖ਼ਮ ਬਸ ਜ਼ਰ ਲਵਾਂ!  
ਜਾਂ ਹੋਰ ਸੱਟਾਂ ਖਾਵਾਂ?  
ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,  
ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਮੈਂ ਨਾ ਸੋਚਿਆ ਸੀ ਕਦੇ,  
ਤੂੰ ਇੰਝ ਮੇਰੇ ਤੋਂ ਵੱਖ ਹੋਵੇਗਾ,  
ਜੋ ਸੀ ਅਣਮੁੱਲਾ ਲਾਲ ਰਤਨ,  
ਅੱਜ ਤੇਰੇ ਲਈ ਕੱਖ ਹੋਵੇਗਾ,

ਕਿਸੇ ਹੋਰ ਥਾਂ ਰੱਬ ਨੂੰ ਲੱਭਾਂ!
ਜਾਂ ਅਜੇ ਤੇਰਾ ਨਾਮ ਧਿਆਵਾਂ?
ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,
ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਤੂੰ ਜਾਣਦਾ ਏ, ਮੈਂ ਜਾਣਦਾ ਹਾਂ,
ਕਿ ਤੈਨੂੰ ਮੇਰੇ ਨਾਲ ਪਿਆਰ ਏ,
ਹੁਣ ਤੂੰ ਉਸ ਤੇ ਪਰਦੇ ਪਾ ਲਏ,
ਜੋ ਕਦੇ ਦਿਖਦਾ ਬੇਸ਼ੁਮਾਰ ਏ,
ਕਾਰਨ ਦੱਸਜਾ ਕੀ ਗ਼ਲਤੀ ਹੋ ਗਈ!
ਜੋ ਲਈਆਂ ਨਾ ਮੇਰੇ ਨਾਲ ਲਾਵਾਂ?
ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,
ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਉਂਝ ਉਮੀਦ ਹੈ ਹੁਣ ਵੀ ਮੈਨੂੰ,
ਤੂੰ ਜਲਦ ਹੀ ਬੂਹਾ ਖੋਲੇਂਗਾ,
ਭੁੱਲ ਕੇ ਸਭ ਗਿਲੇ ਸ਼ਿਕਵੇ
ਮੈਨੂੰ ਮੁੜ ਤੋਂ ਪ੍ਰੀਤਮ ਬੋਲੇਂਗਾ,
ਮੁਆਫ ਵੀ ਕਰਦੇ ਜੋ ਗ਼ਲਤੀਆਂ ਹੋਈਆਂ
ਹੋਰ ਕਿੰਨੀਆਂ ਦੇਣੀਆਂ ਸਜਾਵਾਂ,
ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,
ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਕਈ ਵਾਰ ਉਹ ਚੀਜ਼ਾਂ ਹੋ ਜਾਂਦੀਆਂ ਨੇ ਜਿਸਦੀ ਤੁਸੀਂ ਕਦੇ ਉਮੀਦ ਨਹੀਂ ਕੀਤੀ ਹੁੰਦੀ। ਮੇਰੇ ਨਾਲ ਵੀ ਹਮੇਸ਼ਾ ਤੋਂ ਇੰਝ ਹੀ ਹੁੰਦਾ ਆਇਆ ਹੈ। ਮੈਨੂੰ ਇਸਦਾ ਦੁੱਖ ਤਾਂ

ਜ਼ਰੂਰ ਸੀ ਪਰ ਮੈਨੂੰ ਅਫ਼ਸੋਸ ਬਿਲਕੁਲ ਨਹੀਂ ਸੀ। ਕਿਉਂਕਿ ਕਿਤੇ ਨਾ ਕਿਤੇ ਮੈਂ ਇਹ ਜਾਣਦਾ ਜ਼ਰੂਰ ਸੀ ਕਿ ਇਹ ਹੋਣ ਵਾਲਾ ਏ। ਪਰ ਇਸਦੀ ਵੀ ਉਮੀਦ ਸੀ ਕਿ ਇਹ ਖ਼ਤਮ ਵੀ ਜਲਦ ਹੋਵੇਗਾ। ਬਲੌਕ ਕਰਨਾ ਫਿਰ ਅਨਬਲੌਕ ਕਰਨਾ ਇਹ ਤਾਂ ਆਮ ਜਿਹਾ ਹੋ ਗਿਆ ਸੀ। ਹਾਂ ਉਡੀਕ ਜ਼ਰੂਰ ਲੰਮੀ ਹੁੰਦੀ ਸੀ। ਕਿਸੇ ਵੇਲੇ ਛੇ ਮਹੀਨੇ ਤੇ ਕਿਸੇ ਵੇਲੇ ਸਾਲ। ਉਸਦੇ ਏਸੇ ਵਰਤੀਰੇ ਕਾਰਨ ਮੈਂ ਲਿਖਿਆ ਸੀ,

ਸੱਜਣ ਅੱਜਕੱਲ੍ਹ ਹੱਸਣਾ ਭੁੱਲ ਗਿਆ,
ਮੈਨੂੰ ਲੱਗਦਾ ਦੱਸਣਾ ਭੁੱਲ ਗਿਆ।

ਮੈਂ ਗੁਲਾਬਾਂ ਨਾਲ ਸ਼ਰਤਾਂ ਲਾਈ ਬੈਠਾਂ,
ਉਹ ਕਮਲਾ ਤਾਂ ਰੱਸਣਾ ਭੁੱਲ ਗਿਆ।

ਸ਼ਹਿਦ ਤੋਂ ਮਿੱਠਾ ਜ਼ਹਿਰ ਹੈ ਓਹਦਾ,
ਜ਼ਹਿਰ ਵੀ ਹੁਣ ਡੱਸਣਾ ਭੁੱਲ ਗਿਆ।

ਬੈਠਾ ਕਣ ਕਣ ਵਿਚ ਨਜ਼ਰੀਂ ਆਵੇ,
ਪਰ ਨਜ਼ਰਾਂ ਵਿਚ ਵੱਸਣਾ ਭੁੱਲ ਗਿਆ।

ਇਕ ਘੂਰ ਨਾਲ ਕਤਲ ਹੀ ਕਰਦੇ
ਕਤਲ ਤਾਂ ਛੱਡ ਤੀਰ ਕੱਸਣਾ ਭੁੱਲ ਗਿਆ।

ਉਂਝ ਪ੍ਰੀਤ ਤੋਂ ਮੁਹੱਬਤ ਤੱਕ ਦਾ ਸਫ਼ਰ ਸੀ
ਪਰ ਮੁਹੱਬਤ ਵਿਚ ਹੀ ਧੱਸਣਾ ਭੁੱਲ ਗਿਆ।

ਦਿਨ ਗੁਜਰ ਰਹੇ ਸਨ ਤੇ ਮੈਂ ਕਾਲਜ 'ਚ ਵਿਅਸਤ ਸੀ। ਇਕ ਦਿਨ ਕਾਲਜ 'ਚ ਮੇਰੀ ਦੋਸਤ ਇਸ਼ੀਕਾ ਮਹਿੰਦੀ ਲੈ ਕੇ ਆਈ ਤੇ ਸਾਰਿਆਂ ਦੇ ਹੱਥ 'ਤੇ ਨਾਂ ਲਿਖ ਰਹੀ ਸੀ। ਉਸਤੋਂ ਮਹਿੰਦੀ ਫੜ ਮੇਰੀ ਦੋਸਤ ਗੁਰਤਾਜ ਨੇ ਮੇਰੇ ਹੱਥ 'ਤੇ ਮੁਹੱਬਤ ਕੌਰ ਦੀ ਥਾਂ ਉਸਦਾ ਅਸਲ ਨਾਂ ਲਿਖ ਦਿੱਤਾ। ਮੇਰੇ ਨਜ਼ਦੀਕੀ ਲਗਭਗ ਸਾਰੇ ਹੀ ਮੁਹੱਬਤ ਕੌਰ ਦਾ ਅਸਲ ਨਾਂ ਜਾਣਦੇ ਨੇ। ਜੋ ਨਹੀਂ ਜਾਣਦੇ ਉਹ ਮੇਰੀ ਇੰਸਟਾਗ੍ਰਾਮ ਦੀ ਪ੍ਰੋਫਾਇਲ ਖੋਲ੍ਹ ਦੇਖ ਲਵੋ, ਉਸ 'ਚ ਇਕ ਹੀ 'ਕੱਲੀ ਕੁੜੀ ਦੀ ਤਸਵੀਰ ਹੈ ਜੋ ਕਿ ਮੈਂ ਆਪਣੀ ਪ੍ਰੋਫਾਇਲ 'ਤੇ ਸਾਂਝੀ ਕੀਤੀ ਹੈ। ਹੋਰ ਕਿਸੇ 'ਕੱਲੀ ਕੁੜੀ ਦੀ ਤਸਵੀਰ ਨਾ ਤਾਂ ਕਦੇ ਸਾਂਝੀ ਕੀਤੀ ਹੈ ਤੇ ਨਾ ਹੀ ਕਿਸੇ ਦੀ ਉਸ ਲਈ ਥਾਂ ਹੈ। ਭਾਵੇਂ ਕਿੰਨਾ ਵੀ ਗੂੜਾ ਰਿਸ਼ਤਾ ਕਿਉਂ ਨਾ ਹੋਵੇ ਕਿਸੇ ਨਾਲ। ਬੇਸ਼ੱਕ ਮੇਰੇ ਲਈ ਸਭ ਬਰਾਬਰ ਨੇ, ਪਰ ਮੁਆਫ਼ ਕਰਨਾ, ਮੁਹੱਬਤ ਕੌਰ ਦੀ ਥਾਂਵੇਂ ਕੋਈ ਨਾ ਤਾਂ ਹੈ ਨਾ ਹੀ ਹੋਵੇਗਾ। ਪਿਆਰ ਸਭ ਨਾਲ ਹੈ ਪਰ ਮੁਹੱਬਤ ਕੇਵਲ ਉਸ ਨਾਲ ਹੈ। ਅੱਛਾ ਮੈਂ ਗੱਲ ਕਰਦਾ ਸੀ ਤੁਸੀਂ ਮੁਹੱਬਤ ਕੌਰ ਦਾ ਅਸਲ ਨਾਂ ਜਾਣਨਾ ਚਾਹੋ ਤਾਂ ਇੰਸਟਾਗ੍ਰਾਮ 'ਤੇ ਦੇਖ ਲੈਣਾ। ਪਹਿਲਾਂ ਮੈਂ ਉਸਦਾ ਅਸਲ ਨਾਂ ਉਰਦੂ 'ਚ ਆਪਣੀ ਪ੍ਰੋਫਾਇਲ 'ਤੇ ਲਿਖ ਰੱਖਿਆ ਸੀ ਪਰ ਫਿਰ ਉਸਦੇ ਕਹਿਣ 'ਤੇ ਹਟਾਉਣਾ ਪਿਆ। ਮੈਂ ਇਸ ਲਈ ਇਕ ਸ਼ਾਇਰੀ ਜ਼ਰੂਰ ਲਿਖ ਰੀਲ ਪਾਈ ਸੀ,

ਸ਼ਰੇਆਮ ਉਰਦੂ ‘ਚ ਪਾ ਰੱਖਿਆ ਏ
ਤੇਰਾ ਨਾਂ ਮੈਂ ਆਪਣੀ ਪ੍ਰੋਫਾਈਲ਼ ‘ਚ
ਤੂੰ ਹੀ ਦੱਸਦੇ ਅੱਜ ਦੇ ਦੌਰ ਅੰਦਰ
ਇਸ ਕਦਰ ਇਮਾਨਦਾਰ ਕੌਣ ਹੁੰਦਾ..!!

ਹਾਂ ਤੇ ਗੁਰਤਾਜ ਨੇ ਨਾਂ ਲਿਖਿਆ ਤੇ ਮੈਂ ਅਗਲੀ ਸਵੇਰ ਗੁਰੂ ਘਰ ਗਿਆ। ਰੰਗ ਬੜਾ ਚੜ੍ਹਿਆ ਸੀ। ਨਾਂ ਬਹੁਤਾ ਗੂੜਾ ਸੀ। ਮੈਂ ਦਰਸ਼ਨ ਕਰਨ ਬਾਅਦ ਪ੍ਰਸ਼ਾਦਿ ਲਿਆ ਤਾਂ ਪ੍ਰਸ਼ਾਦਿ ਦੇ ਘਿਉ ਨਾਲ ਹੱਥ ਹੋਰ ਲਿਸ਼ਕ ਰਹੇ ਸਨ ਤੇ ਨਾਂ ਹੱਥਾਂ ਤੋਂ ਵੀ ਜ਼ਿਆਦਾ। ਫਿਰ ਉਸ ਵਕਤ ਮੈਂ ਗੁਰੂ ਘਰ ਹੀ ਇਕ ਸ਼ਾਇਰੀ ਲਿਖੀ, ਜੋ ਸ਼ਾਇਰੀ ਘੱਟ ਤੇ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸਿ ਵਧੇਰੇ ਸੀ। ਮੈਂ ਲਿਖਿਆ,

ਕਰਾਮਾਤਾਂ ਹੁੰਦੀਆਂ ਵੇਖੀਆਂ ਨੇ ਤੇਰੇ ਦਰ 'ਤੇ ਮੈਂ
ਦੁਆ ਕਰਦਾ ਅਗਲੀ ਕਰਾਮਾਤ ਮੇਰੇ ਨਾਲ ਹੋਵੇ।

ਮੁਹੱਬਤ ਮਿਲ ਜਾਵੇ ਬਣ ਪ੍ਰਸ਼ਾਦਿ ਤੇਰੇ ਦਰ ਹੀ
ਹਥੇਲੀ 'ਤੇ ਨਾਮ ਹੀ ਨਹੀਂ ਉਹ ਮੇਰੇ ਨਾਲ ਹੋਵੇ।

ਵਕਤ ਬੀਤ ਰਿਹਾ ਸੀ। ਮੈਂ ਉਡੀਕ 'ਚ ਸੀ ਕਿ ਅੱਜ ਨਹੀਂ ਤਾਂ ਕੱਲ੍ਹ ਮੁਹੱਬਤ ਨੂੰ ਮੁੜ ਤੋਂ ਮੇਰੇ 'ਤੇ ਰਹਿਮ ਆਵੇਗਾ ਤੇ ਉਹ ਮੇਰੇ ਨਾਲ ਗੱਲ ਕਰੇਗੀ। ਮੈਂ ਉਸਦੇ ਲਈ ਮੁੜ ਤੋਂ ਦਿਨ ਰਾਤ ਸੋਚਣ ਲੱਗ ਪਿਆ ਏਥੋਂ ਤੱਕ ਸੋਚ ਲਿਆ ਕਿ ਸਭ ਕੁਝ ਛੱਡ ਲੁਧਿਆਣੇ ਚਲਾ ਜਾਵਾਂ ਤੇ ਕਿਸੇ ਚੌਂਕ 'ਚ ਬੈਠ ਧਰਨਾ ਲਾ ਦਿਆਂ ਤੇ ਫਿਰ ਉਸਤੋਂ ਸਵਾਲ ਕਰਾਂ ਕਿ ਭਾਈ ਦੱਸ ਕਮੀ ਹੈ ਕੀ? ਮੇਰਾ ਰੰਗ ਕਾਲਾ ਏ, ਮੇਰੀ ਜਾਤ ਕਰਕੇ ਜਾਂ ਫਿਰ ਕਾਰਨ ਹੈ ਕੀ ਜੋ ਮੈਨੂੰ ਕਬੂਲਦੀ ਨਹੀਂ। ਜਿਵੇਂ ਮੈਂ ਲਿਖਿਆ ਸੀ,

ਮੇਰੀ ਮੁਹੱਬਤ 'ਤੇ ਗੌਰ ਫ਼ਰਮਾ ਮਹਿਰਮ
ਮੇਰੀ ਜਾਤ ਤੋਂ ਤੂੰ ਦੱਸ ਕੀ ਲੈਣਾ ਈ?

ਸਵਾਲ ਕਰਾਂ ਗੱਲ ਕੀ ਹੈ? ਹਾਂ ਜੇਕਰ ਤੇਰੇ ਘਰਦਿਆਂ ਦੀ ਗੱਲ ਹੈ ਤਾਂ ਮੈਂ ਆਪਣੇ ਸਾਰੇ ਪਿੰਡ ਨੂੰ ਨਾਲ ਲੈ ਆਉਂਦਾ ਤੇਰੇ ਘਰਦਿਆਂ ਨੂੰ ਮਨਾਉਣ ਲਈ। ਸਾਰੇ ਪਿੰਡ ਨੂੰ ਤੇਰੇ

ਮਾਪਿਆਂ ਦੇ ਚਰਨੀ ਪਵਾ ਦਿਆਂਗਾ। ਦੱਸ ਇਸਤੋਂ ਵੱਡਾ ਕੀ ਹੋ ਸਕਦਾ ਹੈ। ਪਿੰਡ ਨਾਲੋਂ ਵੱਡਾ ਤਾਂ ਕੁਝ ਨਹੀਂ ਹੁੰਦਾ ਨਾ, ਉਹਨਾਂ ਦੀ ਇੱਜ਼ਤ ਮੈਂ ਸਾਂਭਣੀ ਏ ਪਰ ਫਿਰ ਵੀ ਦੇਖ ਮੇਰੀ ਖ਼ਾਤਰ ਉਹ ਤੇਰੇ ਘਰਦਿਆਂ ਦੇ ਚਰਨੀ ਪੈਣ ਲਈ ਤਿਆਰ ਨੇ।

ਮਨ ਵਿਚ ਬੜੀਆਂ ਵਿਚਾਰਾਂ ਆਉਣੀਆਂ। ਇਸ ਕਦਰ ਮੁਹੱਬਤ ਬਾਰੇ ਮੁੜ ਤੋਂ ਸੋਚਣ ਲੱਗਾ ਕਿ ਸਭ ਭੁੱਲ ਗਿਆ। ਦਸੰਬਰ ਵਿਚ ਐਮ. ਏ. ਦੇ ਤੀਜੇ ਸਮੈਸਟਰ ਦੇ ਪੇਪਰ ਹੋਏ ਤੇ ਪੜ੍ਹ ਨਾ ਹੋਇਆ। ਕਲਾਸ 'ਚ ਤੀਸਰੇ ਨੰਬਰ 'ਤੇ ਆਇਆ ਤੇ ਪਹਿਲਾਂ ਨਾਲੋਂ 60 ਨੰਬਰ ਘੱਟ ਗਏ। ਬਹੁਤਿਆਂ ਨੂੰ ਇਹ ਲੱਗਦਾ ਸੀ ਕਿ ਮੈਂ ਅਵਾਰਾਗਰਦੀਆਂ ਕਰਦਾ ਤੇ ਪੜ੍ਹਦਾ ਨਹੀਂ। ਪਰ ਅੰਦਰ ਦੇ ਭੇਦ ਨਾ ਤਾਂ ਕੋਈ ਸਮਝਦਾ ਹੈ ਨਾ ਹੀ ਸਮਝ ਸਕਦਾ ਹੈ। ਸਭ ਮੁੱਖ ਦੇ ਹਾਸੇ ਤੋਂ ਪਹਿਚਾਣਦੇ ਨੇ ਕਿ ਇਹ ਦੁਨੀਆਂ ਦਾ ਸਭ ਤੋਂ ਸੁਖੀ ਇਨਸਾਨ ਮਲੂਮ ਹੁੰਦਾ ਹੈ। ਹਾਂ ਮੈਂ ਹਾਂ ਸੁਖੀ ਇਨਸਾਨ ਪਰ ਆਪਣੀ ਇਕੱਲਤਾ ਬਾਰੇ ਮੇਰੇ ਕੋਲ ਕੋਈ ਜੁਆਬ ਨਹੀਂ, ਮੈਂ ਲਿਖਿਆ ਸੀ,

ਕਿ ਠਹਿਰ ਗਿਆ ਏ ਜਿਉਂ ਪਾਣੀ ਵਿਚ ਪਹਾੜਾਂ ਦੇ
ਗਵਾਚ ਗਿਆ ਕੋਈ ਦਿਲ ਵਿਚਲੀਆਂ ਉਜਾੜਾਂ ਦੇ।

ਮੁੱਖ 'ਤੇ ਰੁਖਸਾਰ ਬਿਖੇਰ ਭਾਵੇਂ ਹਰ ਪਲ਼ ਰੱਖਦਾ ਏ
ਦਰਦ ਲੁਕਾ ਛੱਡਦਾ ਪਿੱਛੇ ਮਨ ਦੇ ਬੰਦ ਕਵਾੜਾਂ ਦੇ।

ਜ਼ਿੰਦਗੀ ਗੁਜ਼ਰ ਰਹੀ ਹੈ ਗੁਜਰਦੀ ਜਾਵੇਗੀ। ਜਿਸਦੇ ਲਈ ਦਰਦ ਹੈ ਤੜਫ ਹੈ ਉਹ ਨਹੀਂ ਕੋਲ ਰਹਿਣਾ ਚਾਹੁੰਦਾ, ਉਹ ਨਹੀਂ ਹਾਲ ਜਾਣਨਾ ਚਾਹੁੰਦਾ ਤਾਂ ਦੂਸਰਿਆਂ ਨੂੰ ਕੀ ਦੋਸ਼ ਦੇਣਾ। ਉਂਝ ਮੈਂ ਦੋਸ਼ ਤਾਂ ਮੁਹੱਬਤ ਸਿਰ ਵੀ ਨਹੀਂ ਮੜ ਰਿਹਾ।ਪਰ ਭਾਵਨਾਵਾਂ 'ਤੇ ਵਸ ਨਹੀਂ ਹੁੰਦਾ। ਜਿਵੇਂ ਮੈਂ ਕਿਤੇ ਪੜ੍ਹਿਆ ਸੀ,

ਭਾਵਨਾ ਵਿਚ ਗਿਆਨ ਨਹੀਂ ਹੁੰਦਾ।

ਸੋ ਜਦੋਂ ਗੱਲ ਭਾਵਨਾਵਾਂ ਦੀ ਹੋਵੇ ਤਾਂ ਗਿਆਨੀ ਤੋਂ ਗਿਆਨੀ ਪੁਰਖ ਵੀ ਅੱਥਰੂ ਕੇਰ ਦੇਂਦੇ ਨੇ। ਜਿਵੇਂ, ਜਦੋਂ ਬਹੁਤ ਹੀ ਬਲਸ਼ਾਲੀ ਤੇ ਗਿਆਨੀ ਪੁਰਖ ਭੀਸ਼ਮ ਨੂੰ ਪਾਂਡਵਾਂ ਦੇ ਮਹਿਲ 'ਚ ਸੜ ਜਾਣ ਦੀ ਖ਼ਬਰ ਮਿਲੀ ਤਾਂ ਉਹ ਵੀ ਆਪਣੇ ਅੱਥਰੂ ਰੋਕ ਨਾ ਸਕਿਆ। ਬੇਸ਼ੱਕ ਪਾਂਡਵ ਉਸ ਅੱਗ 'ਚੋਂ ਬਚ ਨਿਕਲੇ ਸਨ, ਪਰ ਭੀਸ਼ਮ ਨੇ ਭਾਵਨਾ 'ਚ ਵਹਿ ਅੱਥਰੂ ਜ਼ਰੂਰ ਵਹਾਏ ਸਨ। ਏਨਾ ਗਿਆਨੀ ਤੇ ਧਰਮੀ ਹੋਣ ਦੇ ਬਾਵਜੂਦ ਉਸਦਾ ਆਪਣੀਆਂ ਭਾਵਨਾਵਾਂ ਤੇ ਪ੍ਰਤਿਬੰਧ ਨਹੀਂ ਸੀ। ਜਦੋਂ ਭੀਸ਼ਮ ਵਰਗੇ ਮਹਾਂਰਥੀਆਂ ਦਾ ਆਪਣੀਆਂ ਭਾਵਨਾਵਾਂ ਤੇ ਪ੍ਰਤਿਬੰਧ ਨਹੀਂ ਤਾਂ ਫਿਰ ਮੇਰੇ ਜਿਹੇ ਅਗਿਆਨੀ ਦਾ ਕਿਵੇਂ ਆਪਣੀਆਂ ਭਾਵਨਾਵਾਂ ਦੇ ਵਹਿਨ 'ਤੇ ਪ੍ਰਤੀਬੰਧ ਹੋ ਸਕਦਾ ਹੈ। ਸੋ ਕਦੇ ਕਦੇ ਠੇਸ ਲੱਗ ਜਾਂਦੀ ਹੈ। ਅੱਗੇ ਵੱਧਦੇ ਹਾਂ। ਦਿਨ ਬੀਤੇ ਤੇ ਨਵਾਂ ਸਾਲ ਆ ਗਿਆ। ਨਵੇਂ ਸਾਲ ਦੀ ਸ਼ੁਰੂਆਤ 'ਚ ਮੈਂ ਉਸਨੂੰ ਮੁਬਾਰਕ ਭੇਜੀ। ਪਰ ਉਸ ਤਰਫ਼ੋਂ ਕੋਈ ਜੁਆਬ ਨਾ ਆਇਆ, ਮੈਂ ਇਕ ਗ਼ਜ਼ਲ ਲਿਖੀ, ਜੋ ਇਸ ਤਰ੍ਹਾਂ ਸੀ,

ੴ, ਮਨ ਦਾ ਦੀਪਕ, ਧੁਰ ਦੀ ਬਾਂਗ, ਸ਼ਬਦ ਤੇ ਸਲੋਕ,
ਤੇਰੇ ‘ਚੋਂ ਦੇਖਾਂ ਰਾਮ, ਕ੍ਰਿਸ਼ਨ, ਅੱਲ੍ਹਾ, ਵਾਹਿਗੁਰੂ, ਤ੍ਰਿਲੋਕ॥

ਮੁਹੱਬਤ, ਦਇਆ, ਸਕੂਨ, ਧਰਮ, ਕ੍ਰਮ ਸਭ ਤੁਧ ਵਿਚ ਨੇ,
ਤੂੰ ਅਕਾਲ, ਤੂੰ ਅਮੂਰਤ, ਤੂੰ ਮੁਹੱਬਤ ਦੀ ਦੇਵੀ, ਮੇਰਾ ਲੋਕ॥

ਹਿਮਾਲਿਆ, ਗੰਗਾ, ਮਾਨਸਰੋਵਰ, ਪੰਜ ਆਬ ਤੇਰੇ ‘ਚੋਂ ਉਪਜੇ,
ਤੂੰ ਕਲੀ, ਤੂੰ ਫੁੱਲ, ਤੂੰ ਬ੍ਰਹਿਮੰਡ ਦਾ ਆਰੰਭ, ਤੂੰ ਅਨੰਤ ਦੀ ਨੋਕ॥

ਤੇਰੀ ਬਿੰਦੀ ਸੂਰਜ, ਛੁਮਕੇ ਤਾਰੇ, ਘੜੀ ‘ਚ ਸਮਾਂ ਕੂਚ ਕਰੇ,
ਤੇਰੇ ਵਾਲਾਂ ‘ਚ ਰਾਤ, ਨੈਣਾਂ ‘ਚ ਸਾਗਰ, ਤੇਰੇ ਕੰਗਣ ‘ਚ ਅਸ਼ੋਕ॥

ਕੋਈ ਨਵੀਂ ਕਿਲਕਾਰੀ, ਅਤਿ ਪਿਆਰੀ, ਤੇਰੀ ਰਹਿਮਤ ਏ,
ਇਹ ਦਾਨ, ਇਹ ਪੁੰਨ, ਇਹ ਬਖਸ਼ਿਸ਼, ਸਭ ਤੇਰੀ ਹੀ ਝੋਕ॥

ਵਿਸੇ, ਚਸੇ, ਘੜੀਆਂ, ਪਹਿਰ, ਥਿਤਾਂ, ਮਹੀਨੇ, ਸਾਲ ਤੇਰੇ ਹੀ ਨੇ,
ਇਹ ਗਰਮੀ, ਬਸੰਤ, ਪਤਝੜ, ਜਾੜਾ, ਸੀਤ, ਵਰਖਾ ਤੇਰੀ ਹੋਕ॥

ਬ੍ਰਹਮ ਦਾ ਗਿਆਨ, ਤੀਰਥ ਇਸ਼ਨਾਨ, ਤੇਰੇ ਚਰਨਾਂ ਦੀ ਧੂੜ,
ਇਹ ਵੇਦ, ਸ਼ਾਸ਼ਤਰ, ਸਿਮਰਤੀਆਂ, ਪੁਰਾਨ ਸਭ ਤੇਰੀ ਹੀ ਠੋਕ॥

ਤੂੰ ਪ੍ਰੀਤਮ, ਤੂੰ ਮਨਦੀਪ, ਤੂੰ ਕੌਰ ਮੁਹੱਬਤ ਸਭ ਤੂੰ ਹੀ ਤੂੰ ਹੈ,
ਮੈਂ ਵੀ ਤੂੰ, ਤੂੰ ਵੀ ਤੂੰ, ਤੂੰ ਕੁਝ ਵੀ ਨਹੀਂ, ਤੂੰ ਸਭ ਲੋਕ-ਪਰਲੋਕ॥

ਨਵੇਂ ਸਾਲ ਦੀ ਸ਼ੁਰੂਆਤ ਚੰਗੀ ਹੋਈ। ਉਸਦੇ ਲਈ ਲਿਖੀ ਇਹ ਗ਼ਜ਼ਲ ਸਭ ਨਾਲ ਸਾਂਝੀ ਵੀ ਕੀਤੀ ਤੇ ਸਭ ਨੇ ਇਸਨੂੰ ਪਸੰਦ ਵੀ ਕੀਤਾ। ਦਿਨ ਬਦਲੇ ਤੇ ਫਿਰ ਲੋਹੜੀ ਤੋਂ ਇਕ ਰਾਤ ਪਹਿਲਾਂ ਦੀ ਗੱਲ ਹੈ। ਅਚਾਨਕ ਮੇਰੇ ਫ਼ੂਨ 'ਤੇ ਮੁਹੱਬਤ ਦੀ ਸਹੇਲੀ ਪ੍ਰਿਯੰਕਾ ਦਾ ਸੰਦੇਸ਼ ਆਇਆ। ਉਸਨੇ ਹਾਲ ਚਾਲ ਪੁੱਛਿਆ। ਮੈਂ ਵੀ ਪੁੱਛਿਆ। ਕਾਫ਼ੀ ਦਿਨਾਂ ਬਾਅਦ ਉਸਦਾ ਸੰਦੇਸ਼ ਆਇਆ ਸੀ। ਉਸਨੇ ਮੈਨੂੰ ਪੁੱਛਿਆ ਕਿ ਕੀ, 'ਮੁਹੱਬਤ ਨਾਲ ਗੱਲ ਹੁੰਦੀ ਹੈ?' ਮੈਂ ਇਨਕਾਰ ਕਰ ਦਿੱਤਾ ਤੇ ਦੱਸਿਆ ਕਿ ਬੜੇ ਦਿਨਾਂ ਤੋਂ ਨਹੀਂ ਹੋਈ। ਤਾਂ ਉਸਨੇ ਦੱਸਿਆ ਕਿ ਉਸਦਾ ਰਿਸ਼ਤਾ ਹੋ ਗਿਆ ਹੈ, ਗੰਗਾਨਗਰ ਤੇ 20 ਅਪ੍ਰੈਲ ਨੂੰ ਵਿਆਹ ਤੈਅ ਹੋਇਆ ਹੈ। ਮੈਂ ਇਕ ਦਮ ਚੁੱਪ ਹੋ ਗਿਆ। ਸਮਝ ਨਾ ਆਵੇ ਕਿ ਮੈਂ ਉਸਨੂੰ ਜੁਆਬ ਕੀ ਦਿਆਂ। ਮੈਂ ਇਸ ਤਰ੍ਹਾਂ ਚੁੱਪ ਸਾਂ, ਜਿਵੇਂ ਮੇਰੇ ਹੁਣ ਹੱਥ ਰੁਕ ਗਏ ਸਨ ਕੁਝ ਪਲ਼ ਲਈ ਲਿਖਦੇ ਲਿਖਦੇ। ਜ਼ਿੰਦਗੀ ਉਸ ਮੋੜ 'ਤੇ ਲੈ ਆਈ ਸੀ ਕਿ ਜਿੱਥੇ ਸਿਰਫ਼ ਤੇ ਸਿਰਫ਼ ਨਾਮੋਸ਼ੀ ਸੀ। ਨਾ ਕੁਝ ਅੱਗੇ ਸੀ ਨਾ

ਹੀ ਕੁਝ ਪਿੱਛੇ। ਮੈਂ ਕੁਝ ਦੇਰ ਬਾਅਦ ਪ੍ਰਿਯੰਕਾ ਨੂੰ ਜੁਆਬ ਦਿੱਤਾ ਕਿ ਹਾਂ ਇਹ ਮੈਨੂੰ ਅਹਿਸਾਸ ਹੋ ਗਿਆ ਸੀ, ਕਿਉਂਕਿ ਉਸਨੇ ਹਰ ਥਾਂ ਤੋਂ ਮੁੜ ਤੋਂ ਬਲੌਕ ਜੋ ਕਰ ਦਿੱਤਾ ਸੀ। ਪ੍ਰਿਯੰਕਾ ਨੇ ਮੁੰਡੇ ਦੀ ਤਸਵੀਰ ਭੇਜਣੀ ਚਾਹੀ ਪਰ ਮੈਂ ਇਨਕਾਰ ਕਰ ਦਿੱਤਾ। ਮੈਨੂੰ ਕੋਈ ਜ਼ਰੂਰਤ ਨਹੀਂ ਜਾਪੀ ਉਸ ਆਦਮੀ ਦੀ ਤਸਵੀਰ ਦੇਖਣ ਦੀ ਜੋ ਮੇਰੀ ਮੁਹੱਬਤ 'ਤੇ ਆਪਣੇ ਸਾਰੇ ਹੱਕ ਜਮਾਉਣ ਵਾਲਾ ਸੀ। ਉਹ ਮੇਰਾ ਵੈਰੀ ਤਾਂ ਬਿਲਕੁਲ ਨਹੀਂ ਸੀ ਪਰ ਫਿਰ ਵੀ ਮਨ ਅੰਦਰ ਇਕ ਸਾੜਾ ਉਮੜ ਜਾਂਦਾ ਹੈ। ਉਸ ਰਾਤ ਮੇਰੀ ਪ੍ਰਿਯੰਕਾ ਨਾਲ ਬਹੁਤੀ ਗੱਲ ਨਾ ਹੋਈ ਤੇ ਉਸਨੇ ਬਸ ਇਹੀ ਕਿਹਾ ਕਿ ਆਪਣਾ ਖ਼ਿਆਲ ਰੱਖਣਾ। ਕਮਾਲ ਦੀ ਗੱਲ ਹੈ, ਆਪਣਾ ਖ਼ਿਆਲ ਰੱਖਣਾ। ਚਲੋ ਜੋ ਵੀ ਸਭ ਵਾਹਿਗੁਰੂ ਦੀ ਮਰਜ਼ੀ ਮੰਨੀ। ਮੈਂ ਇਹ ਜਾਣਦਾ ਤਾਂ ਜ਼ਰੂਰ ਸੀ ਕਿ ਇਹ ਹੋਣ ਵਾਲਾ ਏ ਪਰ ਏਨੀ ਜਲਦ ਹੋਵੇਗਾ ਇਹ ਉਮੀਦ ਨਹੀਂ ਸੀ। ਜਿਵੇਂ ਮੈਂ ਪਹਿਲਾਂ ਵੀ ਕਿਹਾ ਨਾ ਚੀਜ਼ਾਂ ਹਮੇਸ਼ਾ ਹੀ ਮੇਰੀ ਉਮੀਦ ਤੋਂ ਪਰ੍ਹੇ ਹੁੰਦੀਆਂ ਨੇ।

ਮੈਂ ਠੀਕ ਸੀ, ਪਰ ਮੈਨੂੰ ਇਸ ਗੱਲ ਦਾ ਅਫ਼ਸੋਸ ਜ਼ਰੂਰ ਲੱਗਾ ਕਿ ਮੁਹੱਬਤ ਨੇ ਖ਼ੁਦ ਮੈਨੂੰ ਦੱਸਣਾ ਜ਼ਰੂਰੀ ਨਾ ਸਮਝਿਆ। ਉਹ ਆਪ ਦੱਸਦੀ ਤਾਂ ਠੀਕ ਲੱਗਦਾ। ਕਿਸੇ ਹੋਰ ਤੋਂ ਉਸਦੀਆਂ ਖ਼ਬਰਾਂ ਮਿਲਣਾ ਮੈਨੂੰ ਚੰਗਾ ਨਹੀਂ ਲੱਗਦਾ। ਏਸੇ ਕਰਕੇ ਮੈਂ ਓਸੇ ਦਿਨ ਹੀ ਕਿਤਾਬ ਦੇ ਸ਼ੁਰੂਆਤੀ ਵਾਲੀ ਗ਼ਜ਼ਲ ਲਿਖੀ, ਹੁਣ ਉਪਰ ਜਾਣ ਦੀ ਲੋੜ ਨਹੀਂ ਏਥੇ ਹੀ ਪੜ੍ਹ ਲਵੋ, ਗ਼ਜ਼ਲ ਸੀ,

ਵਿਸਰ ਗਿਆ ਹੈ ਮਨ ਹੁਣ ਉਸਦੀ ਉਡੀਕ ਤੋਂ
ਪਰਦਾ ਚੁੱਕਿਆ ਕਿਸੇ ਵਿਆਹ ਦੀ ਤਰੀਕ ਤੋਂ।

ਪਤਾ ਲੱਗੇ ਮੈਨੂੰ ਗ਼ੈਰ ਤੋਂ ਬਸ ਇਹ ਗ਼ਲਤ ਹੈ
ਉਹ ਆਪ ਦੱਸਦਾ ਡਿੱਗਦਾ ਨਾ ਦਿਲੀ ਲੀਕ ਤੋਂ।

ਪੰਜ ਸਾਲ ਮੈਂ ਇੰਤਜ਼ਾਰ ਕਰਿਆ ਅਹੰਕਾਰ ਨਹੀਂ
ਪਰ ਕੀ, ਕੋਈ ਹੱਕ ਨਹੀਂ ਮੇਰਾ ਉਸ ਰਮਣੀਕ ਤੋਂ।

ਬੇਸ਼ੱਕ, ਉਹਨੂੰ ਕੋਈ ਲੋੜ ਨਹੀਂ ਮੇਰੀ ਮੁਹੱਬਤ ਦੀ
ਖੁਸ਼ ਹੋ ਸਕਦਾ ਏ ਉਹ ਮੇਰੇ ਕਿਸੇ ਵੀ ਸ਼ਰੀਕ ਤੋਂ।

ਮੰਨਿਆ ਜੋ ਵੀ ਹੁੰਦਾ ਚੰਗਾ ਹੁੰਦਾ ਏ ਸਾਡੇ ਲਈ
ਪਰ ਮੇਰੇ ਲਈ ਗਲ਼ਤ ਚੰਗਾ ਹੁੰਦਾ ਇਸ ਠੀਕ ਤੋਂ।

ਵੀਹ ਅਪ੍ਰੈਲ ਮੇਰੀ ਦੇਹ ‘ਤੇ ਦਾਗ ਪੈ ਗਿਆ ਏ
ਅੱਲ੍ਹਾ ਹੁਣ ਮੈਂ ਪਾਗਲ ਹੋ ਜਾਵਾਂ ਆਪਣੇ ਤੌਫ਼ੀਕ ਤੋਂ।

❖

ਇਸਦੇ ਨਾਲ ਹੀ ਮੈਂ ਰੋਹ ਵਿਚ ਆ ਹੋਰ ਵੀ ਗ਼ਜ਼ਲ਼ਾਂ ਤੇ ਸ਼ਾਇਰੀਆਂ ਲਿਖੀਆਂ, ਗੌਰ ਕਰੋ,

ਇਜਜ਼ ਜ਼ੌਕ ਅਜ਼ਮਤ ਓਸ ਖੋਹ ਲਈ ਮੇਰੀ
ਵਿਚ ਭਰਤਾ ਮੇਰੇ ਜ਼ੁਅਫ਼ ਜ਼ਵਾਲ ਪਪਾਲ।

ਮੈਨੂੰ ਪਲ਼ ਵਿਚ ਬੇਕਦਰਾ ਕਰ ਤੁਰ ਗਿਆ
ਓਹ ਕੱਦੂਸ ਰਹਿਮਾਨ ਓਹ ਨੂਰ ਮੁਆਲ।

ਛੱਡ ਗਿਆ ਬਖ਼ਤ ਮੇਰੀ ਜੱਗ ਦੇ ਆਸਰੇ

ਉਸ ਕਰਿਆ ਨਾ ਮੇਰੇ ਤਕਵੇ ਦਾ ਖ਼ਿਆਲ਼।

ਮੁਹੱਬਤ ਮੇਰੀ ਉਸ ਕਰ ਦਿਖਾਈ ਕੋੜੀ

ਨਾਬੂਦ ਕਰ ਅਜ਼ਗਾਸ ਅਹਿਲਾਮ ਸਵਾਲ।

{ਇਜਜ਼- ਨਿਮਰਤਾ, ਜ਼ੌਕ- ਪ੍ਰੇਮ, ਅਜ਼ਮਤ- ਵਡਿਆਈ, ਜ਼ੁਅਫ਼- ਕਮਜੋਰੀ, ਜ਼ਵਾਲ- ਝੂਠ, ਪਪਾਲ- ਧੋਖਾ ਫਰੇਬ, ਕੱਦੂਸ- ਨਿਰਮਲ, ਰਹਿਮਾਨ- ਦਿਆਲੂ, ਨੂਰ ਮੁਆਲ- ਨਿਰਮਲ ਪ੍ਰਕਾਸ਼, ਬਖ਼ਤ- ਕਿਸਮਤ, ਤਕਵਾ- ਭਰੋਸਾ, ਕੋੜੀ- ਝੂਠੀ, ਨਾਬੂਦ- ਮਿਟਾ ਕੇ, ਅਜ਼ਗਾਸ ਅਹਿਲਾਮ- ਸ਼ੰਕੇ।}

❖

ਕਾਂ ਬੋਲ ਰਿਆ ਬਨੇਰੇ ਤੋਂ

ਰੁੱਖ ਮੋੜ ਲਿਆ ਕਿਸੇ ਮੇਰੇ ਤੋਂ।

ਲੱਗਦਾ ਪੈਂਡਾ ਵਾਵਾ ਲੰਮਾ ਹੋ ਗਿਆ

ਜੋ ਤੈਅ ਕਰ ਨਾ ਹੋਇਆ ਤੇਰੇ ਤੋਂ।

ਮੇਰੀਆਂ ਅੱਖਾਂ ਅੱਡੀਆਂ ਰਹਿਗੀਆਂ

ਤੇਰੇ ਥਾਂ ਥਾਂ ਲੱਗਦੇ ਡੇਰੇ ਤੋਂ।

ਬੰਦਾ ਇਕ ਸੁਨੇਹਾ ਹੀ ਲਾਦੇ

ਕੋਈ ਸੰਭਲ ਜਾਂਦਾ ਏ ਜੇਰੇ ਤੋਂ।

ਆਉਣਾ ਤੇਰਾ ਤਾਂ ਔਖਾ ਲੱਗਦੈ
ਕੀ ਡਰ ਲੱਗਦਾ ਹੁੰਦੇ ਹਨੇਰੇ ਤੋਂ।

ਕਾਂ ਨੇ ਐਵੇਂ ਰੌਲਾ ਪਾਇਐ
ਦੱਸ ਮਾਰ ਸੁੱਟ ਲਵਾਂ ਬਨੇਰੇ ਤੋਂ।

ਕਵਿਤਾਵਾਂ, ਸ਼ਾਇਰੀਆਂ, ਗ਼ਜ਼ਲ਼ਾਂ ਪੜ੍ਹਦੇ ਜਾਵੋ ਫਿਰ ਅਗਲੀ ਗੱਲ ਕਰਾਂਗਾਂ। ਇਹ ਉਹ ਲਿਖਤਾਂ ਨੇ ਜੋ ਸਿਰਫ ਉਸਦੇ ਵਿਆਹ ਦੀ ਖ਼ਬਰ ਮਿਲਣ ਤੋਂ ਬਾਅਦ ਲਿਖੀਆਂ ਸਨ। ਮੈਂ ਦਿਨ ਵੇਲੇ ਸਾਰਿਆਂ ਦੇ ਕੋਲ ਹੁੰਦਾ ਸੀ ਪਰ ਇਕੱਲਿਆ ਤੇ ਮੈਂ ਸਿਰਫ ਮੈਂ ਹੁੰਦਾ ਸੀ। ਹਾਲ ਤਾਂ ਇੰਝ ਸੀ ਕਿ ਪੁੱਛੋ ਨਾ, ਕਿਸੇ ਨੇ ਹਾਲ ਪੁੱਛਿਆ ਤਾਂ ਮੈਂ ਉਸਨੂੰ ਤਾਂ ਦੱਸਿਆ ਨਾ ਪਰ ਲਿਖਿਆ ਜ਼ਰੂਰ,

ਮਤ ਪੂਛੋ ਹਾਲ ਦਿਵਾਨੇ ਕਾ
ਬੜਾ ਜ਼ੁਲਮ ਹੈ ਇਸ ਜਮਾਨੇ ਕਾ।

ਤੁਮ ਪੂਛੋਗੇ ਮੈਂ ਬਤਾ ਦੂੰਗਾ
ਮੁਝੇ ਇਲਮ ਨਹੀਂ ਬਹਿਕਾਨੇ ਕਾ।

ਮੇਰੇ ਹਾਲ ਪੇ ਮੈਂ ਹੀ ਰੋ ਦੂੰਗਾ
ਤੂੰ ਜ਼ਰੀਆ ਮਤ ਢੂੰਡ ਹਸਾਨੇ ਕਾ।

ਮੁਝ ਮੇਂ ਮੈਂ ਹੀ ਸਿਮਟਾ ਹੂੰ
ਕੋਈ ਰਾਜ਼ ਨਹੀਂ ਅਫ਼ਸਾਨੇ ਕਾ।

ਮਤ ਪੂਛੋ ਹਾਲ ਦਿਵਾਨੇ ਕਾ
ਬੜਾ ਜ਼ੁਲਮ ਹੈ ਇਸ ਜਮਾਨੇ ਕਾ।

ਸੋ ਹਾਲ ਤਾਂ ਚਲੋ ਇੰਞ ਹੀ ਰਹਿਣਾ ਤੁਸੀਂ ਗ਼ਜ਼ਲਾਂ, ਸ਼ਾਇਰੀਆਂ, ਕਵਿਤਾਵਾਂ ਦਾ ਅਨੰਦ ਮਾਣੋ, ਜਿਸ ਲਈ ਤੁਸੀਂ ਇਹ ਕਿਤਾਬ ਪੜ੍ਹਨ ਆਏ ਹੋ, ਪੜ੍ਹੋ,

ਇੱਕ ਦੋ ਤਿੰਨ ਤੇ ਚਾਰ ਪੰਜ ਸਾਲ
ਪੁੱਛ ਨਾ ਮੈਨੂੰ ਕਿੰਨੀ ਕੀਤੀ ਘਾਲ।

ਨਾ ਕੋਈ ਤਰਲਾ ਨਾ ਮਿੰਨਤ ਬਚੀ
ਹਾਲੋਂ ਕਰ ਲਿਆ ਹਾਲ ਬੇਹਾਲ।

❖

ਮੈਂ ਗੁਰਦੁਆਰਿਆਂ ਵਿਚ ਸੁਪਨੇ ਪਾਲ ਕੇ ਵੇਖੇ ਨੇ
ਪੀਰਾਂ ਦੀਆਂ ਮਜ਼ਾਰਾਂ 'ਤੇ ਦੀਵੇ ਬਾਲ਼ ਕੇ ਵੇਖੇ ਨੇ।

ਕਦੇ ਨੀ ਮਿਲਦਾ ਜੋ ਲੇਖਾਂ ਵਿਚ ਲਿਖਿਆ ਨਾ
ਮੈਂ ਮੰਦਰਾਂ ਦੇ ਵਿਚ ਪੱਥਰ ਵੀ ਢਾਲ ਕੇ ਵੇਖੇ ਨੇ।

ਗਿਰਜਿਆਂ ਵਿਚ ਟੰਗੀ ਸਲੀਬ ਕਦੇ ਸੁਣਦੀ ਨਾ
ਲੱਗ ਬੁੱਧ ਦੇ ਪਿੱਛੇ ਆਪਣੇ ਵੀ ਟਾਲ ਕੇ ਵੇਖੇ ਨੇ।

ਲੱਖ ਰਗੜੀ ਜਾਵੋ ਮੱਥੇ ਉਹ ਇੰਝ ਰੀਝਦਾ ਨਾ
ਕੋਹਾਂ ਤੱਕ ਵੀ ਮੈਂ ਆਪਣੇ ਪੈਰ ਗਾਲ਼ ਕੇ ਵੇਖੇ ਨੇ।

ਜੋ ਦਿਲੀ ਤਮੰਨਾ ਸ਼ਾਇਰ ਦੀ ਓ ਪੂਰੀ ਹੋਈ ਨਾ
ਵਿਚ ਸਮਾਧੀਆਂ ਦਿਨ ਰਾਤ ਘਾਲ ਕੇ ਵੇਖੇ ਨੇ।

ਮੁਹੱਬਤ ਛੱਡ ਬਿਨ ਲਿਖੇ ਰੱਬ ਵੀ ਮਿਲਦਾ ਨਾ
ਭਾਵੇਂ ਪ੍ਰੀਤਾ ਤੂੰ ਚਾਰੇ ਕੁੰਡ ਵੀ ਭਾਲ ਕੇ ਵੇਖੇ ਨੇ।

❖

ਠਹਿਰ ਗਿਆ ਹੈ ਜਿਉਂ ਜ਼ਮਾਨਾ, ਤੇਰੇ ਮੁੱਖ ਫੇਰਨ 'ਤੇ

ਸਬਰਾਂ ਵਿਚ ਹੜ੍ਹ ਆ ਗਿਆ, ਇੱਕ ਦੋ ਹੰਝੂ ਕੇਰਨ 'ਤੇ।

ਨਾਗ ਡੱਸਿਆ, ਵਹਿਮ ਮੇਰਾ, ਜੋ ਤੇਰੀ ਉਡੀਕ ਤਾਈਂ ਸੀ

ਕਿਸਮਤ ਤਾਰ ਤਾਰ ਹੋਗੀ, ਇੱਕ ਦੋ ਖ਼ਾਬ ਉਧੇੜਣ 'ਤੇ।

❖

ਕਿ ਦਹਲੀਜ਼ ਤੇਰੀ ਉੱਤੇ ਮਨਸੂਰ ਸੌਂ ਗਿਆ
ਰੌਲਾ ਪੈ ਗਿਆ ਏਹ ਕੀ ਕਾਰਾ ਹੋ ਗਿਆ।

ਆਸ਼ਕ ਸੂਲੀ ਉੱਤੇ ਚੜ੍ਹਦੇ ਚੌਂਕ 'ਚ ਦੇਖੇ ਨੇ
ਇਹ ਕਿਹੜਾ ਜੋ ਤੇਰੇ ਬੂਹੇ ਅੱਗੇ ਮੋ ਗਿਆ।

ਕਿ ਮੰਜਨੂੰ ਰੋੜੇ ਵੱਟੇ ਖਾ ਕੇ ਕਦੇ ਢਹਿੰਦਾ ਨਾ
ਏਹ ਡੋਲੀ ਤੇਰੀ ਉੱਠਦੇ ਚੁੱਪ ਖਲੋ ਗਿਆ।

ਨਾ ਮਿਲੀ ਮੁਹੱਬਤ ਉਸ ਉਮਰ ਇਬਾਦਤ ਤੋਂ
ਕਿੰਝ ਮਿਲਦੀ ਜੋ ਪੰਜ ਸਾਲ 'ਚ ਭੌਂ ਗਿਆ।

ਇਸ਼ਕੀਆ ਵੇਲ ਦਾ ਕੰਮ ਹੀ ਰੁੱਖ ਸੁਕਾਉਣਾ ਏ
ਲੱਖ ਲਾਹਨਤ ਹੈ ਜੋ ਜਾਣ ਨਤੀਜੇ ਰੋ ਗਿਆ।

ਪ੍ਰੀਤਮ ਮੁਹੱਬਤ ਵਿਚੋਂ ਜੋ ਖ਼ੁਦ ਨੂੰ ਪਾਉਣਾ ਸੀ
ਅੱਖ ਝਪਕਦੇ ਫਿਰ ਕਿਉਂ ਨਾ ਉਸਦਾ ਹੋ ਗਿਆ।

ਅੱਛਾ ਗੱਲ ਕਰਦੇ ਚਲੋ ਨਾਲ ਨਾਲ, ਕਵਿਤਾਵਾਂ ਪੜ੍ਹਦੇ ਪੜ੍ਹਦੇ ਕਿਤੇ ਬੋਰ ਨਾ ਹੋ ਜਾਇਓ। ਜਾਤ ਮਜ਼ਹਬ ਦੀ ਗੱਲ ਕਰਦੇ ਹਾਂ। ਉਂਝ ਮੇਰਾ ਕੋਈ ਭੇਦ ਭਾਵ ਨਹੀਂ ਹੈ ਕਿਸੇ ਦੀ ਜਾਤ ਬਿਰਾਦਰੀ ਨਾਲ। ਮੈਨੂੰ ਤਾਂ ਸਾਰੇ ਮੇਰੇ ਵਰਗੇ ਜਾਪਦੇ ਨੇ। ਮੇਰੇ ਪਤਾ ਨਹੀਂ ਕਿੰਨੇ ਕੁ ਦੋਸਤ ਨੇ ਭੈਣ ਭਰਾ ਨੇ ਜਿੰਨ੍ਹਾਂ ਨਾਲ ਖ਼ੂਨ ਦਾ ਰਿਸ਼ਤਾ ਨਹੀਂ, ਪਰ ਸਾਡੇ ਦਰਮਿਆਨ ਕਦੇ ਵੀ ਜਾਤ ਮਜ਼ਹਬ ਨੂੰ ਲੈ ਗੱਲ ਨਹੀਂ ਹੋਈ। ਇਸ ਨਾਲ ਫ਼ਰਕ ਵੀ ਕੋਈ ਨਹੀਂ ਪੈਂਦਾ। ਪਰ ਜਦੋਂ ਤੁਹਾਡੇ ਨਾਲ ਮਜ਼ਹਬ ਕਰਕੇ ਵਿਤਕਰਾ ਹੋਵੇ ਤਾਂ ਫਿਰ ਤੁਹਾਡੇ ਮਨ 'ਚ ਜਾਤ ਪਾਤ ਨੂੰ ਲੈ ਜ਼ਰੂਰ ਖ਼ਿਆਲ ਘਰ ਕਰ ਜਾਂਦੇ ਨੇ। ਜਿਵੇਂ ਮੁਹੱਬਤ ਨੇ ਪਤਾ ਨਹੀਂ ਕਦੇ ਫ਼ਰਕ ਕੀਤਾ ਕਿ ਨਹੀਂ ਪਰ ਉਸਦਾ ਇਹ ਮੱਤ ਤਾਂ ਜ਼ਰੂਰ ਸੀ ਕਿ ਮੇਰੀ ਵੱਖਰੀ ਜਾਤ ਹੋਣ ਕਾਰਨ ਉਸਦੇ ਘਰਵਾਲੇ ਸਾਡੇ ਵਿਆਹ ਲਈ ਕਦੇ ਰਾਜੀ ਨਹੀਂ ਹੋਣਗੇ। ਮੈਂ ਉਸਤੇ ਕੋਈ ਦੋਸ਼ ਨਹੀਂ ਲਗਾ ਰਿਹਾ। ਮੁਹੱਬਤ ਵਿਚ ਦੋਸ਼ਾਂ ਦੀ ਕੋਈ ਥਾਂ ਨਹੀਂ ਹੁੰਦੀ। ਬਸ ਮੁਹੱਬਤ ਹੁੰਦੀ ਹੈ।

ਪਰ ਸੋਚ ਕੇ ਦੇਖੋ ਕਿ ਜੇਕਰ ਉਹਨੂੰ ਮੇਰੀ ਜਾਤ ਦਾ ਖ਼ਿਆਲ ਆਉਂਦਾ ਹੀ ਨਾ ਤਾਂ ਫਿਰ ਅੱਜ ਸ਼ਾਇਦ ਉਹ ਮੇਰੇ ਨਾਲ ਹੁੰਦੀ। ਸਭ ਤੋਂ ਪਹਿਲੀ ਗੱਲ ਕਿ ਅਸੀਂ ਇਨਸਾਨ ਹਾਂ।

ਕੀ ਏਨਾ ਕਾਫ਼ੀ ਨਹੀਂ? ਅਗਰ ਨਹੀਂ ਕਾਫੀ ਤਾਂ ਅਸੀਂ ਇਕੋ ਦੇਸ ਦੇ ਹਾਂ। ਇਹ ਵੀ ਕਾਫ਼ੀ ਨਹੀਂ? ਫਿਰ ਅਸੀਂ ਦੋਵੇਂ ਇਕੋ ਸੂਬੇ ਪੰਜਾਬ ਦੇ ਵਾਸੀ ਹਾਂ। ਏਨਾਂ ਵੀ ਕਾਫ਼ੀ ਨਹੀਂ? ਫਿਰ ਸਭ ਤੋਂ ਵੱਡੀ ਗੱਲ ਅਸੀਂ ਦੋਵੇਂ ਪਿਤਾ ਦਸਮੇਸ਼ ਤੇ ਮਾਤਾ ਸਾਹਿਬ ਕੌਰ ਦੀ ਸੰਤਾਨ ਹਾਂ। ਅਸੀਂ ਬਾਬੇ ਨਾਨਕ ਦੇ ਲਾਏ ਬੂਟਿਆਂ ਦੇ ਫਲ਼ ਹਾਂ। ਅਸੀਂ ਉਹ ਫਲ਼ ਹਾਂ ਜਿੰਨ੍ਹਾਂ ਖ਼ਾਤਰ ਪਿਤਾ ਦਸਮੇਸ਼ ਨੇ ਸਾਰਾ ਪਰਿਵਾਰ ਵਾਰਿਆ। ਕੀ ਸਿੱਖ ਹੋਣਾ ਕਾਫ਼ੀ ਨਹੀਂ? ਅਗਰ ਉਹ ਸਿੱਖ ਹੈ ਤਾਂ ਫਿਰ ਮਜ਼ਹਬ, ਜਾਤ ਪਾਤ ਦੀ ਕੋਈ ਥਾਂ ਹੀ ਨਹੀਂ ਬਚਦੀ। ਗੁਰੂ ਸਾਹਿਬ ਨੇ ਅੰਮ੍ਰਿਤ ਬਾਟੇ ਨਾਲ ਸਭ ਨੂੰ ਇਕ ਨਿਸ਼ਾਨ ਸਾਹਿਬ ਹੇਠ 'ਕੱਠਿਆਂ ਕੀਤਾ ਹੈ। ਅਗਰ ਕਹੇ ਕਿ ਮੈਂ ਅੰਮ੍ਰਿਤ ਧਾਰੀ ਨਹੀਂ ਤੇ ਨਾ ਹੀ ਉਹ ਹੈ ਇਸ ਲਈ ਅਸੀਂ ਪੂਰਨ ਸਿੱਖ ਨਹੀਂ। ਤਾਂ ਉਹ ਆਖਦੀ ਮੈਂ ਓਸੇ ਵੇਲੇ ਹੀ ਉਸਦੇ ਨਾਲ ਜਾ ਅੰਮ੍ਰਿਤ ਛਕਦਾ ਤੇ ਗੁਰੂ ਦਾ ਪੂਰਨ ਸਿੱਖ ਹੋ ਜਾਂਦਾ। ਪਰ ਕੀ ਸਿੱਖ ਪਰਿਵਾਰ 'ਚ ਜਨਮ ਲੈਣਾ ਹੀ ਵੱਡੀ ਗੱਲ ਨਹੀਂ। ਗੁਰੂ ਘਰ ਜਾ ਸਿਰ ਝੁਕਾਉਣ ਦਾ ਪਾਖੰਡ ਹਰ ਕੋਈ ਕਰ ਸਕਦਾ ਹੈ, ਪਰ ਧਿਆਨ ਰੱਖਣਾ ਗੁਰੂ ਅੰਨ੍ਹਾ ਨਹੀਂ ਹੈ ਉਸਨੂੰ ਤੁਹਾਡੇ ਮਨ ਅੰਦਰ ਭਰੇ ਕੂੜ ਨਜ਼ਰ ਆਉਂਦੇ ਨੇ। ਸਿੱਖ ਹੋਣ 'ਚ ਤੇ ਸਿੱਖ ਦਿਖਾਉਣ 'ਚ ਜ਼ਮੀਨ ਅਸਮਾਨ ਦਾ ਫ਼ਰਕ ਹੈ।

ਖ਼ੈਰ ਇਹ ਬੜੀਆਂ ਵਿਵਾਦਿਤ ਗੱਲਾਂ ਨੇ, ਮੈਂ ਇਸ ਕਿਤਾਬ 'ਚ ਵਿਵਾਦਾਂ ਨੂੰ ਥਾਂ ਨਹੀਂ ਦੇਣਾ ਚਾਹੁੰਦਾ। ਕਦੇ ਕਰਾਂਗਾਂ ਗੱਲ ਇਸ 'ਤੇ ਵੀ। ਕਿਤਾਬ ਸ਼ੁਰੂ ਕੀਤੀ ਹੈ ਇਕ "ਹੁਕਮਿ।" ਉਸਦਾ ਥੋੜਾ ਜਿਹਾ ਭਾਗ ਲਿਖਿਆ ਹੈ ਤੇ ਆਪਣੇ ਜਨਮਦਿਨ 'ਤੇ ਪ੍ਰਕਾਸ਼ਿਤ ਵੀ ਕੀਤਾ ਸੀ, ਉਹ ਅਗਲੇ ਸਾਲ ਤੱਕ ਪੂਰਨ ਰੂਪ 'ਚ ਲੈ ਹਾਜ਼ਰ ਹੋਵਾਂਗਾ। ਹਰ ਧਰਮ ਦੀ ਹਰ ਮਜ਼ਹਬ ਦੀ ਗੱਲ ਛੇੜਾਂਗਾ। ਕੂੜ ਨੂੰ ਨੰਗਾ ਕਰਾਂਗਾ, ਸੱਚ ਨੂੰ ਪ੍ਰਤੱਖ ਦਿਖਾਵਾਂਗਾ। ਚਲੋ ਗੱਲ ਕਰਦੇ ਸੀ ਕਿ ਧਰਮ ਜਾਤ ਦੀ। ਜਿਵੇਂ ਕਿਹਾ ਪਹਿਲਾਂ ਤਾਂ ਕਦੇ ਮਨ 'ਚ ਵਿਚਾਰ ਨਹੀਂ ਆਇਆ ਪਰ ਵਿਤਕਰਾ ਹੋਣ ਤੇ ਮਨ ਵਿਚ ਰੋਸ ਆਉਂਦਾ ਹੈ। ਸੋ ਉਹਦੇ ਲਈ ਮੈਂ ਇਕ ਗ਼ਜ਼ਲ਼ ਲਿਖੀ, ਗੌਰ ਕਰਨਾ,

ਹੈ ਸੁਨਿਆਰ ਜਾਂ ਲੁਹਾਰ ਕੋਈ, ਸੱਟ ਲਾਉਂਦਾ ਜੋ ਮਨੀ ਕੁਲਾਬਾਂ ਨੂੰ
ਕੋਈ ਤਰਖਾਣ ਹੀ ਲਗਦੈ, ਜਿਸ ਆਰੀ ਫੇਰ ਦਿੱਤੀ ਮੇਰੇ ਖ਼ਾਬਾਂ ਨੂੰ।

ਜਿਸ ਖੱਲ ਮੇਰੀ ਨੂੰ ਰੰਦੇ ਨਾਲ ਛਿੱਲਿਆ, ਰੂਹ ਨੂੰ ਤੇਸਾ ਲਾਇਆ ਏ
ਪਿਉ ਦਾਦੇ ਦਾ ਚੰਡਿਆ ਲੱਗਦੈ, ਰੇਤਾ ਫੇਰਿਆ ਦਿਲੀਂ ਗੁਲਾਬਾਂ ਨੂੰ।

ਅੱਖੀਆਂ ਨੂੰ ਨਾਲ ਚੌਰਸੀ ਟੂੰਬਿਆ, ਤੇ ਕੇਸਾਂ ਦਾ ਜਾਲਾ ਬੁਣਿਆ ਜੀ
ਨਾਲ ਸ਼ਿਕੰਜੇ ਹੱਢਾਂ ਨੂੰ ਕੱਸਿਆ, ਤੇ ਗੁਣੀਆ ਲਾਏ ਲਬੀਂ ਰਬਾਬਾਂ ਨੂੰ।

ਵਿਚ ਬਾਜ਼ਾਰ ਮੈਨੂੰ ਪੁੱਠਾ ਟੰਗਿਆ, ਤੇ ਦਾਮ ਲਾਇਆ ਆਨੇ ਖੋਟੇ ਦਾ
ਨਾਲ ਜੰਮੂਰ ਮੇਰੇ ਨਹੁੰਆਂ ਨੂੰ ਪੁੱਟਿਆ, ਲਹੂ ਰੋੜਿਆ ਵੱਲ ਝਨਾਬਾਂ ਨੂੰ।

ਮੈਨੂੰ ਮੁਕਾ 'ਤਾ ਮੇਰੀ ਮੈਂ ਮੁਕਾ 'ਤੀ, ਮੁਕਾਇਆ ਐਬਾਂ ਪੰਜ ਵਿਕਾਰਾਂ ਨੂੰ
ਹੈ ਸੁਲਤਾਨ ਜਾਂ ਕੋਈ ਪੀਰ ਪੈਗ਼ੰਬਰ, ਨੱਥ ਪਾਈ ਜਿਸ ਹਿਸਾਬਾਂ ਨੂੰ।

ਜਾਹ ਪ੍ਰੀਤਾ ਉਹਨੂੰ ਮਜ਼ਬ 'ਚ ਗਿਣਦਾ, ਤੇ ਮੁਹੱਬਤੀ ਹੋਕਾ ਲਾਉਂਦਾ ਏ
ਅੰਮ੍ਰਿਤ ਬਾਟਾ ਉਂਝ ਛਕਣਾ ਚਾਹੁੰਦੈ, ਤੇ ਹੱਥ ਪਾਉਂਦਾ ਫਿਰੇ ਸ਼ਰਾਬਾਂ ਨੂੰ।

ਹੈ ਸੁਨਿਆਰ ਜਾਂ ਲੁਹਾਰ ਕੋਈ, ਸੱਟ ਲਾਉਂਦਾ ਜੋ ਮਨੀ ਕੁਲਾਬਾਂ ਨੂੰ
ਕੋਈ ਤਰਖਾਣ ਹੀ ਲਗਦੈ, ਜਿਸ ਆਰੀ ਫੇਰ ਦਿੱਤੀ ਮੇਰੇ ਖ਼ਾਬਾਂ ਨੂੰ।

ਚਲੋ ਜਾਤਾਂ ਮਜ਼ਹਬਾਂ ਦੀਆਂ ਗੱਲਾਂ ਛੱਡੋ, ਮੁਹੱਬਤ ਇਹਨਾਂ ਦੀ ਮਹੁਤਾਜ ਨਹੀਂ। ਮੁਬਾਰਕ ਹੈ ਉਹਨਾਂ ਨੂੰ ਜੋ ਸਿਰਫ਼ ਮੁਹੱਬਤ ਦਾ ਪਾਠ ਪੜ੍ਹਦੇ ਨੇ ਜਾਤਾਂ ਮਜ਼ਹਬਾਂ ਦਾ ਨਹੀਂ। ਆਪਾਂ ਅੱਗੇ ਗ਼ਜ਼ਲ਼ਾਂ ਪੜ੍ਹਦੇ ਹਾਂ। ਤੁਸੀਂ ਕਹਿਣਾ ਕਿ ਚੰਦਰਾ ਗ਼ਜ਼ਲਾਂ ਈ ਪੜ੍ਹਾਈ ਜਾਂਦਾ ਅੱਗੇ ਗੱਲ ਦੱਸਦਾ ਨੀ ਕਿ ਵਿਆਹ ਹੋਇਆ ਜਾਂ ਨਹੀਂ ਹੋਇਆ। ਬਾਬੇ ਕਾਹਲੇ ਕਿਉਂ ਪੈਂਦੇ ਹੋ, ਥੋੜਾ ਸਬਰ ਕਰੋ, ਪਹਿਲਾਂ ਮੇਰੇ ਅਹਿਸਾਸ ਤਾਂ ਪੜ੍ਹ ਲਵੋ, ਬਿਨਾਂ ਮੇਰੇ ਅਹਿਸਾਸ ਜਾਣੇ ਤੁਸੀਂ ਮੇਰੀ ਕਹਾਣੀ ਜਾਣ ਕੀ ਕਰੋਗੇ? ਦੇਖੋ ਕਹਾਣੀਆਂ ਸਾਰਿਆਂ ਦੀਆਂ ਲਗਭਗ ਇਕੋ ਜਿਹੀਆਂ ਹੁੰਦੀਆਂ ਨੇ ਤੇ ਨਤੀਜੇ ਵੀ ਇਕੋ ਜਿਹੇ। ਦੋ ਹੀ ਤਾਂ ਨਤੀਜੇ ਹੁੰਦੇ ਨੇ ਜਾਂ ਮੁਹੱਬਤ ਮਿਲਦੀ ਹੈ ਜਾਂ ਨਹੀਂ ਮਿਲਦੀ। ਬਸ ਸਭ ਦੀ ਕਹਾਣੀ 'ਚ ਉਤਾਵ ਚੜਾਵ ਅਲੱਗ ਅਲੱਗ ਹੁੰਦੇ ਨੇ। ਚਲੋ ਆਜੋ ਕਵਿਤਾਵਾਂ ਪੜ੍ਹਦੇ ਹਾਂ, ਤੁਹਾਡੇ ਬਹਾਨੇ ਮੈਂ ਵੀ ਮੁੜ ਤੋਂ ਪੜ੍ਹ ਲਵਾਂਗਾ ਆਪਣੇ ਅਹਿਸਾਸਾਂ ਨੂੰ। ਆਜੋ ਪੜ੍ਹੀਏ,

ਏ ਲੂਣਾ ਜਿਆ ਪਾਣੀ ਮੇਰਾ ਮੁੜਕਾ ਨਾ ਜਾਣੀ
ਏਹਨੂੰ ਕੀਤੀ ਮੁਸ਼ੱਕਤ ਦਾ ਅੱਥਰੂ ਪਛਾਣੀ।

ਏ ਚੁੱਪੀ ਦੇ ਤਾਲੇ ਜੋ ਮੇਰੇ ਬੁੱਲ੍ਹਾਂ 'ਤੇ ਲੱਗੇ
ਏਹ ਮਜਬੂਰੀ ਨਾ ਕੋਈ ਹੈ ਸਬਰਾਂ ਦੀ ਤਾਣੀ।

ਮੈਂ ਕੋਈ ਦਵਾ ਹਾਂ ਜੋ ਤੇਰੇ ਦਰਦਾਂ ਦੀ ਕੌੜੀ
ਮੈਨੂੰ ਬੇਸਬਰਾ ਨਾ ਪੀਵੀਂ ਤੂੰ ਜਖ਼ਮਾਂ 'ਤੇ ਲਾਣੀ।

ਏ ਉਡੀਕਾਂ ਦੇ ਪੈਂਡੇ ਮੈਂ ਵਿਚਾਲੇ ਨਾ ਛੱਡਾਂ
ਭਾਵੇਂ ਪੂਰੀ ਨਾ ਹੋਵੇ ਏਹ ਮੁਹੱਬਤ ਦੀ ਕਹਾਣੀ।

ਮੈਂ ਸ਼ਾਯਰ ਨਾ ਕੋਈ ਨਾ ਤੇਰਾ ਦਿਵਾਨਾ
ਤੂੰ ਮੁਹੱਬਤ ਹੈ ਮੇਰੀ ਮੇਰੇ ਮੁਰਸ਼ਦ ਦੀ ਬਾਣੀ।

ਅੱਗੇ ਪੜ੍ਹੋ..

ਤੁਰਿਆ ਸਾਂ ਮੈਂ ਰੱਬ ਦੇ ਵੱਲ ਨੂੰ,
ਰਾਹ 'ਚ ਤੇਰਾ ਦਵਾਰਾ ਮਿਲ ਗਿਆ,

ਜਦ ਕਦਮ ਵਧਾਇਆ ਤੇਰੇ ਤਾਈਂ,
ਤੇਰੇ ਕੋਲੋਂ ਕਿਨਾਰਾ ਮਿਲ ਗਿਆ,

ਰੱਬ ਤੋਂ ਪੈਂਡਾ ਦੂਰ ਜਿਹਾ ਜਾਪੇ,
ਇਉਂ ਲੱਗੇ ਜਿਉਂ ਬਟਵਾਰਾ ਮਿਲ ਗਿਆ,

ਫਿਰ ਮੰਦਰ ਮਸੀਤਾਂ ਦੀ ਧੂੜ ਛਾਣਦਾ,
ਖੁਦ ਨੂੰ ਇਕ ਆਵਾਰਾ ਮਿਲ ਗਿਆ,

ਮੈਂ ਦੀ ਮੈਂ, ਤੇਰੇ ਵਿਚ ਰਹਿ ਗਈ,
ਸਭ ਜੁਗਤਾਂ ਕਰ ਫਿਟਕਾਰਾ ਮਿਲ ਗਿਆ,

ਪ੍ਰੀਤਮ ਨੂੰ ਕੋਈ ਦਰ ਨਾ ਲੱਭੇ,
ਬਸ ਸਬਰਾਂ ਦਾ ਸਹਾਰਾ ਮਿਲ ਗਿਆ।

❖

ਬੋਲੀ ਲੱਗੀ ਸੀ ਸਰੇ ਬਾਜ਼ਾਰ ਵਿਚ
ਕੀਮਤ ਪਹੁੰਚੀ ਮੇਰੀ ਕਈ ਹਾਜਾਰ ਵਿਚ

ਮੈਂ ਅਹੰਕਾਰਿਆ ਹੀਰਿਆਂ ਦੇ ਭਾਅ ਵਿਕ ਜਾਣਾ
ਉਸ ਘਸੀਟ ਲਿਆ ਕੱਖਾਂ ਦੇ ਵਾਪਾਰ ਵਿਚ।

ਇੱਜ਼ਤ ਜ਼ਮੀਰ ਲੁਟਾ ਕੇ ਹਾਸਲ
ਕੁਝ ਕੀਤਾ ਉਹਨੇ ਕਮਾ ਕੇ ਹਾਸਲ।

ਮੈਂ ਤਾਂ ਮੇਹਣੇ ਦੇਣ ਯੋਗਾ ਹਾਂ
ਉਹ ਕਰਦੀ ਅੱਖ ਰਵਾ ਕੇ ਹਾਸਲ।

'ਕੱਲੀ ਝੱਲੀ ਤੇ ਪਤਾ ਨੀਂ ਕੀ ਕੀ ਦੱਸਕੇ
ਬੰਦਾ ਪੂਰਾ ਕਰੇ ਢਵਾ ਕੇ ਹਾਸਲ।

ਮੰਨਿਉ ਤੇ ਉਹਦੀ ਸਾਜ਼ਿਸ਼ ਤੋਂ ਬਚਿਉ
ਪੱਲੇ ਕੀ ਕਰਲੋਗੇ ਸਭ ਗਵਾ ਕੇ ਹਾਸਲ?

❖

ਐਂਵੇ ਬੇ ਕਦਰਾਂ ਨੂੰ ਗਲ਼ ਨਾਲ ਲਾ ਕੇ ਕੀ ਮਿਲਿਆ
ਉਹ ਵੀ ਕੋਲੋਂ ਗਵਾ ਲਿਆ ਜੋ ਪਹਿਲਾਂ ਸੀ ਮਿਲਿਆ।

ਮੁੜ ਲੱਭਣ ਨੂੰ ਤੁਰ ਪਿਆ ਹੁਣ ਖ਼ਾਕ ਹੀ ਛਾਣੇਗਾ
ਕੀਤੇ ਦਿਲ ਦੇ ਸੌਦੇ ਖ਼ਾਤਿਰ ਤੈਨੂੰ ਧੋਖਾ ਹੀ ਮਿਲਿਆ।

ਵੇਚ ਵੱਟ ਕੇ ਖਾ ਗਿਆ ਯਾਰ ਦੀਆਂ ਉਮੀਦਾਂ ਨੂੰ
ਤੈਨੂੰ ਤਾਂ ਜ਼ਖ਼ਮਾਂ ਬਦਲੇ ਬਸ ਅੱਥਰੂ ਮੀਂ' ਮਿਲਿਆ।

ਰੱਬ ਦੇ ਵੱਟੇ ਰੱਬ ਨਹੀਂ ਮਿਲਦਾ ਧਿਆਨ ਕਰੀਂ
ਅੰਨ੍ਹੀਆਂ ਸੂਰਤਾਂ ਦਾ ਢੇਰਾ ਭਾਵੇਂ ਜੀ ਮਿਲਿਆ।

ਅੱਛਾ ਅੱਗੇ ਹੋਰ ਵੀ ਨੇ, ਪੜ੍ਹੀ ਚਲੋ ਬੱਸ ਜੇ ਮੇਰੇ ਅਹਿਸਾਸ ਚੰਗੇ ਲੱਗ ਰਹੇ ਨੇ ਤਾਂ..

ਖ਼ਤ ਜੋ ਨਹੀਂ ਭੇਜ ਰਿਆ ਮੈਂ ਉਹ ਪਾੜ ਨਹੀਂ ਸਕਦੀ
ਇੱਕ ਉਜੜੇ ਹੋਏ ਬੰਦੇ ਨੂੰ ਮੁੜ ਉਜਾੜ ਨਹੀਂ ਸਕਦੀ।
ਮੇਰੇ ਲੇਖਾਂ ਦੀਆਂ ਲੀਕਾਂ ਤਾਂ ਪਹਿਲਾਂ ਹੀ ਕਾਲੀਆਂ ਨੇ
ਇਹਨਾਂ ਕਾਲੀਆਂ ਲੀਕਾਂ ਨੂੰ ਮੁੜ ਰਾੜ ਨਹੀਂ ਸਕਦੀ।

❖

ਅਜੇ ਬਾਕੀ ਹੈ..

ਭਾਵੇਂ ਦਿਲ ਦਾ ਬੋਝਾ ਖਾਲੀ ਏ
ਮੈਂ ਉਸਦੀ ਮੁਹੱਬਤ ਸੰਭਾਲੀ ਏ।

ਉਸ ਬੇਗਾਨਾ ਕਹਿ ਦੁਰਕਾਰਿਆ
ਮੈਂ ਧੀਆਂ ਵਾਂਗਰ ਪਾਲੀ ਏ।

ਉਸਦੇ ਮੱਥੇ 'ਤੇ ਪੈਂਦੀ ਤਿਉੜੀ ਵੀ
ਮੈਂ ਸਬਰਾਂ ਦੇ ਵਿਚ ਢਾਲੀ ਏ।

ਉਸਦੀ ਅੱਖ ਵਿਚਲੀ ਰੜਕ ਜੋ
ਆਪਣੇ ਬਿਰਹਾ ਦੇ ਵਿਚ ਬਾਲੀ ਏ।

ਮੇਰੇ ਉਬਾਲ਼ੇ ਖਾਂਦੇ ਖਿਆਲ਼ਾਂ ਦੀ
ਉਸ ਬਲ਼ਦੀ ਭੱਠੀ ਠਾਲੀ ਏ।

ਨਿੱਤ ਖ਼ੁਦਾ ਦੇ ਘਰ ਕਬੂਲ ਹੁੰਦੀ
ਉਸ ਹਰ ਅਰਦਾਸ ਮੇਰੀ ਟਾਲੀ ਏ।

ਮੈਂ ਚੁੱਪ ਦੀ ਮਲਹਮ ਮਲਦਾ ਹਾਂ
ਉਸ ਪਿਆਰੇ ਜੋ ਜਿੰਦ ਗਾਲੀ ਏ।

ਮੇਰੇ ਜ਼ਖਮਾਂ 'ਤੇ ਲੂਣ ਭੁਕਦੇ ਨੇ
ਆਹ ਜਿੰਨੇ ਉਸਦੇ ਸਵਾਲੀ ਏ।

ਉਸ ਮਹਿਬੂਬ ਨੂੰ ਦੱਸੋ ਕੀ ਆਖਾਂ
ਜਿਸ ਲਈ ਮੈਂ ਕੁਦਰਤ ਭਾਲੀ ਏ।

ਭਾਵੇਂ ਉਜਾੜ ਦੇਵੇ ਭਾਵੇਂ ਹਰਿਆ ਕਰੇ
ਮੇਰੇ ਮੁਹੱਬਤੀ ਬਾਗ ਦਾ ਓ ਮਾਲੀ ਏ।

❖

ਬਿਨ ਇੱਕ ਝੱਖ ਹੋ ਜਾਣਾ ਏ ਓਹਦੇ ਤੋਂ
ਸਦਾ ਲੀ ਵੱਖ ਹੋ ਜਾਣਾ ਏ ਓਹਦੇ ਤੋਂ।

ਜ਼ਿੰਦਗੀ ਬਦਲ ਜਾਣੀ 20 ਅਪ੍ਰੈਲ ਨਾਲ
ਬਿਨ ਮੈਂ ਕੱਖ ਹੋ ਜਾਣਾ ਏ ਓਹਦੇ ਤੋਂ।

ਬਹੁਤ ਨੇ ਚਲੋ ਅੱਗੇ ਗੱਲ ਤੋਰਦੇ ਹਾਂ। ਸੋ ਮੇਰੀ ਲੋਹੜੀ ਹਰ ਸਾਲ ਦੀ ਤਰ੍ਹਾਂ ਓਵੇਂ ਹੀ ਲੰਘੀ, ਕੋਈ ਚਾਅ ਨਹੀਂ। ਪਿਛਲੇ ਦੋ ਸਾਲਾਂ ਤੋਂ ਜਿਵੇਂ ਸੀ। ਮੈਨੂੰ ਤਾਂ ਇੰਞ ਜਾਪਣ ਲੱਗ ਪਿਆ ਕਿ ਲੋਹੜੀ ਦਾ ਤਿਓਹਾਰ ਮੇਰੇ ਲਈ ਬਣਿਆ ਹੀ ਨਹੀਂ ਹੈ। ਹਰ ਲੋਹੜੀ 'ਤੇ ਤਾਂ ਮੈਨੂੰ ਕੋਈ ਐਸੀ ਖ਼ਬਰ ਸੁਣਨ ਨੂੰ ਮਿਲ ਜਾਂਦੀ ਕਿ ਪੂਰਾ ਦਿਨ ਹੀ ਖ਼ਰਾਬ ਨਿਕਲਦਾ। ਫਿਰ ਇਹ ਨਹੀਂ ਕਿ ਕੁਝ ਦਿਨ ਪਹਿਲਾਂ, ਹਰ ਵਾਰ ਲੋਹੜੀ ਤੋਂ ਇਕ ਰਾਤ ਪਹਿਲਾਂ ਖ਼ਬਰ ਮਿਲਦੀ। ਸੋ

ਲੋਹੜੀ ਉਸਲ ਵੱਟੀਆਂ ਲੈਂਦੇ ਲੰਘੀ ਤੇ ਉਸਤੋਂ ਬਾਅਦ ਅਗਲੇ ਸਾਰੇ ਦਿਨ ਹੀ। ਉੱਪਰ ਜੋ ਤੁਸੀਂ ਗ਼ਜ਼ਲਾਂ, ਸ਼ਾਇਰੀਆਂ ਪੜ੍ਹੀਆਂ ਸਭ ਹੀ ਮੁਹੱਬਤ ਦੇ ਵਿਆਹ ਦੀ ਖ਼ਬਰ ਮਿਲਣ ਤੋਂ ਬਾਅਦ ਹੀ ਲਿਖੀਆਂ ਗਈਆਂ। ਕੋਈ ਵੀ ਦਿਨ ਤਿਉਹਾਰ ਆਉਣਾ ਤਾਂ ਲੋਕਾਂ ਸਾਹਮਣੇ ਤਾਂ ਹੱਸਦੇ ਰਹਿਣਾ ਜਿਵੇਂ ਕੁਝ ਫ਼ਰਕ ਨਹੀਂ ਪਰ ਮਨ ਅੰਦਰ ਇਹ ਸੈਲਾਬ ਉਬਾਲੇ ਮਾਰਦਾ ਰਹਿੰਦਾ ਸੀ। ਪਰ ਕਿਸੇ ਨੂੰ ਕੀ ਫ਼ਰਕ, ਜਿਵੇਂ ਮੈਂ ਲਿਖਿਆ ਸੀ,

ਟੁੱਟੀ ਸਾਹ ਦੀ ਤੰਦ ਤਾਂ ਭਗਦੜ ਮੱਚ ਗਈ
ਟੁੱਟੀ ਉਮੀਦ ਤਾਂ ਕਿਸੇ ਨੂੰ ਕੁਝ ਦਿਖਿਆ ਨਾ

ਲਾਈ ਤਨ ਦੀ ਹੱਟੀ, ਬੋਟੀ ਬੋਟੀ ਵਿਕ ਗਈ
ਲਾਈ ਰੂਹ ਦੀ ਤਾਂ ਜਰਰਾ ਵੀ ਵਿਕਿਆ ਨਾ।

ਸੋ ਰੂਹ 'ਤੇ ਲੱਗੀਆਂ ਸੱਟਾਂ ਦਿਖਾਈ ਨਹੀਂ ਦਿੰਦੀਆਂ, ਤੇ ਉਸਦਾ ਹਿਸਾਬ ਕਿਤਾਬ ਵੀ ਕੋਈ ਨਹੀਂ ਹੁੰਦਾ। ਹਾਂ ਮੈਨੂੰ ਮੇਰੀ ਇਕ ਹੋਰ ਸ਼ਾਇਰੀ ਯਾਦ ਆ ਗਈ, ਇਸ ਤਰ੍ਹਾਂ ਸੀ,

ਦਿਲ 'ਤੇ ਲੱਗੀਆਂ ਸੱਟਾਂ ਦਾ, ਹਿਸਾਬ ਕਿਤਾਬ ਨਹੀਂ ਮੰਗਦੇ
ਮੁਨੀਮ ਹੱਥਾਂ ਵਾਲੇ ਰਜਿਸਟਰ, ਤੁਹਾਡੇ ਘਾਟੇ ਹੀ ਦੱਸਣਗੇ।

ਸੋ ਤੁਸੀਂ ਕਿਸੇ ਅੱਗੇ ਆਪਣਾ ਢਿੱਡ ਫੋਲੋਗੇ ਤਾਂ ਉਹ ਤੁਹਾਡਾ ਹੀ ਦੋਸ਼ ਕੱਢ ਦੇਵੇਗਾ। ਮੈਂ ਆਪਣੀ ਹੁਣ ਤੱਕ ਦੀ ਜ਼ਿੰਦਗੀ 'ਚ ਇਕ ਚੀਜ਼ ਜ਼ਰੂਰ ਸਿੱਖੀ ਹੈ ਕਿ ਕੋਈ ਕਿੰਨਾ ਵੀ ਕਰੀਬੀ ਕਿਉਂ ਨਾ ਹੋਵੇ ਉਹ ਗੱਲਾਂ ਕਦੇ ਨਾ ਦੱਸੋ ਜੋ ਤੁਸੀਂ ਹੁਣ ਤੱਕ ਲੁਕਾ ਰੱਖੀਆਂ ਨੇ। ਚੁੱਪ ਰਹੋ ਆਪਣੇ ਦਰਦ ਦਾ ਅਨੰਦ ਮਾਣੋ। ਗੱਲ ਅੱਗੇ ਤੋਰਦੇ ਹਾਂ। ਦਿਨ ਗੁਜਰੇ ਤੇ 20 ਅਪ੍ਰੈਲ ਨੇੜੇ ਆ ਗਈ। 20 ਅਪ੍ਰੈਲ ਤੋਂ ਪਹਿਲਾਂ ਮਨ 'ਚ ਕਈ ਵਿਚਾਰ ਆਉਣ ਕਿ ਜਿਵੇਂ ਫ਼ਿਲਮਾਂ 'ਚ ਹੁੰਦਾ ਹੈ ਓਵੇਂ ਮੁਹੱਬਤ ਦਾ ਫ਼ੂਨ ਆਵੇਗਾ ਤੇ ਉਹ ਕਹੇਗੀ ਕਿ ਪ੍ਰੀਤ, ਮੇਰੇ ਘਰਦੇ ਮੇਰਾ ਜ਼ਬਰਦਸਤੀ ਵਿਆਹ ਕਰਵਾ ਰਹੇ ਨੇ, ਪਲੀਜ਼ ਤੂੰ ਆਜਾ ਤੇ ਮੈਨੂੰ ਲੈ ਜਾ। ਪਰ ਇਹ ਸਭ

ਤਾਂ ਮੇਰੇ ਮਨ ਦੀਆਂ ਬੁਣਤੀਆਂ ਸਨ, ਜੋ ਛੇਤੀ ਹੀ ਉੱਧੜ ਗਈਆਂ। ਉਸਨੂੰ ਕੁਝ ਦਿਨ ਪਹਿਲਾਂ ਚੂੜੀਆਂ ਚੜ੍ਹੀਆਂ। ਰੰਗ ਬਿਰੰਗੀਆਂ ਚੂੜੀਆਂ। ਉਸਦੀ ਸਹੇਲੀ ਨੇ ਉਸਦੀਆਂ ਚੂੜੀਆਂ ਦੀ ਸਟੋਰੀ ਪਾਈ ਸੀ ਜਿਸਤੋਂ ਮੈਨੂੰ ਪਤਾ ਲੱਗਾ। ਉਸਦੇ ਹੱਥ ਪਈਆਂ ਚੂੜੀਆਂ ਦੇਖ, ਮਨ ਏਨਾ ਕੁ ਉਦਾਸ ਹੋਇਆ ਕਿ ਹੁਣੇ ਸਭ ਤਿਆਗ ਨਾਨਕ ਕੋਲ ਜਾ ਅੱਪੜਾਂ। ਫਿਰ ਸੋਚਿਆ ਇਹ ਓਸੇ ਦਾ ਤਾਂ ਕੀਤਾ ਕਰਵਾਇਆ ਹੈ, ਮੈਂ ਲਿਖਿਆ,

ਦਿਨ ਦਿਹਾੜੇ ਮਾਰ ਪਈ ਏ
ਰੱਬ ਤੋਂ ਚੰਗੀ ਝਾੜ ਪਈ ਏ।

ਅੱਲ੍ਹਾ ਅੱਲ੍ਹਾ ਕਰਦਾ ਸੀ ਬਹੁਤਾ
ਅੱਲ੍ਹਾ ਦੇ ਘਰ ਤੋਂ ਤਾੜ ਪਈ ਏ।

ਸੋ ਰੱਬ ਨੇ ਭਿਉਂ ਭਿਉਂ ਕੇ ਛਿੱਤਰ ਮਾਰੇ ਜਾਪਦੇ ਸਨ। ਚੱਲ ਉਸਦੀ ਜਿਵੇਂ ਮਰਜੀ, ਮੈਂ ਵੀ ਉਸਦਾ, ਉਹ ਵੀ ਉਸਦੀ, ਨਾਂ ਵੀ ਉਸਦਾ, ਜੋ ਵੀ ਹੈ ਉਸਦੇ ਹੁਕਮ 'ਚ ਹੀ ਤਾਂ ਹੈ। ਉਹ ਇਕ ਕਹਾਣੀ ਹੈ ਨਾ, ਆਜੋ ਮੇਰੀ ਕਹਾਣੀ ਤੋਂ ਬੋਰ ਹੋਗੇ ਹੋਵੋਗੇ ਇਕ ਵੱਖਰੀ ਕਹਾਣੀ ਸੁਣਾਉਂਦਾ ਹਾਂ,

ਕੀ ਹੋਇਆ ਗ਼ੁਲਾਮ ਫ਼ਰੀਦ ਆਇਆ, ਉਸਨੇ ਜਿਹੜੀ ਸੂਰਤ ਨੂੰ ਦੇਖਣਾ ਕਹਿਣਾ, 'ਵਾਹ ਪਰਵਦਗਾਰ ਅੱਲ੍ਹਾ ਤਾਲਾ, ਇਹ ਸੂਰਤਾਂ ਕਿੱਥੇ ਬੈਠ ਬਣਾਉਂਦਾ ਏ? ਇਕ ਦੂਸਰੀ ਨਾਲ ਮਿਲਣ ਨਹੀਂ ਦੇਂਦਾ।'

ਤਾਂ ਕੋਈ ਆ ਕੇ ਕਹਿਣ ਲੱਗਾ, 'ਬਾਬਾ ਸਾਰਾ ਦਿਨ ਸੂਰਤਾਂ ਵੀ ਵੇਖਦਾ ਰਹਿੰਦਾ ਏ, ਇਬਾਦਤ ਵੀ ਕਰਦਾ ਏ?'

ਤਾਂ ਗ਼ੁਲਾਮ ਫ਼ਰੀਦ ਨੇ ਕਿਹਾ, 'ਭਾਈ ਮੈਂ ਉਹ ਲੱਕੜ ਦੀ ਤਸਬੀ ਦੇ ਦਾਣੇ ਨਹੀਂ ਗਿਣਦਾ। ਆਹ ਜਿੰਨੀਆਂ ਵੀ ਹਸੀਨ ਸੂਰਤਾਂ ਵਾਲੇ ਨੇ ਮੇਰੀ ਤਸਬੀ ਦੇ ਦਾਣੇ ਨੇ। ਆਹ ਜੋ

ਖ਼ੁਦਾ ਨੇ ਸੂਰਤਾਂ ਬਣਾਈਆਂ ਨੇ ਮੇਰੀ ਤਸਬੀ ਦੇ ਦਾਣੇ ਨੇ ਨਿਗ਼ਾਹਾਂ 'ਚ ਫਿਰਦੇ ਰਹਿੰਦੇ ਨੇ ਇਬਾਦਤ ਹੁੰਦੀ ਜਾਂਦੀ ਹੈ।'

ਜਿਵੇਂ ਬਾਬਾ ਬੁੱਲ੍ਹੇ ਸ਼ਾਹ ਨੇ ਕਿਹਾ ਹੈ,

ਬੁੱਲ੍ਹਿਆ ਮੰਦਰ ਢਾਹ ਮਸੀਤਾਂ ਢਾਹ

ਢਾਹ ਦੇ ਜੋ ਕੁਝ ਢਹਿੰਦਾ

ਪਰ ਇਕ ਨਾ ਢਾਵੀਂ ਦਿਲ ਬੰਦੇ ਦਾ

ਮੇਰਾ ਰੱਬ ਦਿਲਾਂ ਵਿਚ ਰਹਿੰਦਾ।

ਬੁੱਲ੍ਹਿਆ, ਰੱਬ ਦਾ ਨਾਂ ਭਾਵੇਂ ਲਵੋ ਨਾ ਲਵੋ ਪਰ ਆਈ ਸੂਰਤ ਨੂੰ ਦੇਖ ਕੇ ਰਾਜੀ ਤਾਂ ਰਹੋ। ਸੋ ਹਰ ਸੂਰਤ 'ਚ ਆਵੇ ਯਾਰ।'

ਜਦੋਂ ਇਹ ਗੱਲ ਹੋਈ ਬੰਦਾ ਲਾ ਜੁਆਬ ਹੋ ਗਿਆ, ਆਪਣੀ ਥਾਂ 'ਤੇ ਜਾ ਬੈਠਾ। ਫ਼ਕੀਰ ਅੱਗੇ ਨੂੰ ਵਧ ਗਿਆ। ਅੱਗੇ ਦੇਖਿਆ ਕਿ ਬਹੁਤ ਹੀ ਖ਼ੂਬਸੂਰਤ ਕੁੜੀ ਆਪਣੇ ਘਰ ਦੀ ਬਾਲਕੋਨੀ 'ਚ ਵਾਲ ਸੁਕਾ ਰਹੀ ਸੀ।

ਫ਼ਕੀਰ ਦੀ ਨਜ਼ਰ ਉਸ ਕੁੜੀ 'ਤੇ ਪਈ ਤਾਂ ਫ਼ਕੀਰ ਕਹਿਣ ਲੱਗਾ, 'ਵਾਹ ਪਰਵਦਗਾਰ ਅੱਲ੍ਹਾ ਤਾਲਾ, ਇਸ ਬੱਚੀ ਨੂੰ ਬਣਾ ਕੇ ਉੱਪਰੋਂ ਹੁਣੇ ਭੇਜ ਰਿਹਾ ਏ, ਇਹ ਕਿੰਨੀ ਖ਼ੂਬਸੂਰਤ ਹੈ। ਕਿੱਥੇ ਬੈਠ ਇਹ ਬਣਾ ਰਿਹਾ ਸੀ?'

ਸਾਰੀ ਦੁਨੀਆਂ ਦੇਖਣ ਲੱਗ ਪਈ ਕਿ ਇਕ ਫ਼ਕੀਰ ਇਕ ਕੁੜੀ ਨੂੰ ਮਜ਼ਾਕ ਕਰ ਰਿਹਾ ਹੈ, ਛੇੜ ਰਿਹਾ ਹੈ। ਫ਼ਕੀਰ ਆਪਣੀ ਇਬਾਦਤ ਕਰ ਰਿਹਾ ਸੀ, ਦੁਨੀਆਂ ਨੇ ਸਮਝਿਆ ਕਿ ਫ਼ਕੀਰ ਕੁੜੀ ਨੂੰ ਮਜ਼ਾਕ ਕਰ ਰਿਹਾ ਹੈ।

ਉਸ ਕੁੜੀ ਨੇ ਆਪਣੇ ਘਰਵਾਲੇ ਨੂੰ ਕਿਹਾ, 'ਅਰੇ ਮੇਰੇ ਮਾਲਕ, ਥੱਲੇ ਦੇਖ ਇਕ ਫ਼ਕੀਰ ਮੇਰਾ ਮਜ਼ਾਕ ਉਡਾ ਰਿਹਾ ਹੈ। ਸਾਰੀ ਦੁਨੀਆਂ ਦੇਖ ਰਹੀ ਹੈ।'

ਕੁੜੀ ਦਾ ਘਰਵਾਲਾ ਜਲਦੀ ਜਲਦੀ ਪੌੜੀਆਂ ਰਾਹੀਂ ਥੱਲੇ ਆਇਆ ਤੇ ਫ਼ਕੀਰ ਦੇ ਪੰਜ ਸੱਤ ਜੁੱਤੀਆਂ ਮਾਰ ਦਿੱਤੀਆਂ।

ਫ਼ਕੀਰ ਫਿਰ ਹੱਸਿਆ ਤੇ ਕਿਹਾ, 'ਵਾਹ ਪਰਵਦਗਾਰ ਅੱਲ੍ਹਾ ਤਾਲਾ ਇਹ ਵੀ ਤੇਰੀ ਭੇਜੀ ਸੂਰਤ ਆਈ ਸੀ। ਜੋ ਤੇਰੀਆਂ ਸੂਰਤਾਂ ਨੂੰ ਪਿਆਰ ਕਰਦੇ ਨੇ ਉਹਨਾਂ ਨੂੰ ਜੁੱਤੀਆਂ ਪੈਂਦੀਆਂ ਨੇ। ਮੇਰਾ ਕੀ ਏ ਗ਼ਰੀਬ ਦਾ ਜਾਣਾ, ਧੱਕੇ ਪੈਣੇ ਤੇਰੇ ਨਾਮ ਨੂੰ।'

ਫ਼ਕੀਰ ਦੀ ਫ਼ਰਿਆਦ ਓਸੇ ਵੇਲੇ ਸੁਣੀ ਗਈ, ਜਦੋਂ ਕੁੜੀ ਦਾ ਮਾਲਕ ਪੌੜੀਆਂ ਚੜ੍ਹ ਜਾਣ ਲੱਗਾ ਤਾਂ ਉਸਦਾ ਪੈਰ ਤਿਲਕਿਆ ਤੇ ਗੱਛ ਖਾ ਥੱਲੇ ਆ ਡਿੱਗਿਆ ਤੇ ਉੱਥੇ ਹੀ ਖ਼ਤਮ ਹੋ ਗਿਆ।

ਉਸ ਕੁੜੀ ਨੇ ਸ਼ੋਰ ਮਚਾ ਦਿੱਤਾ, 'ਓਏ ਲੋਕੋ ਇਸ ਫ਼ਕੀਰ ਨੇ ਮੇਰਾ ਮਾਲਕ ਮਾਰ ਦਿੱਤਾ ਹੈ।'

ਸਾਰੇ ਲੋਕ 'ਕੱਠੇ ਹੋਏ ਤੇ ਫ਼ਕੀਰ ਨੂੰ ਫੜ੍ਹ ਪੁੱਛਿਆ, 'ਓਏ ਬਾਬਾ ਇਸ ਕੁੜੀ ਦੇ ਮਾਲਕ ਨੂੰ ਤੂੰ ਮਾਰਿਆ ਹੈ?"

ਤਾਂ ਫ਼ਕੀਰ ਕਹਿਣ ਲੱਗਾ, 'ਭਾਈ ਮੈਂ ਕੌਣ ਹੁੰਦਾ ਮਾਰਨ ਵਾਲਾ, ਇਹ ਤਾਂ ਮਾਲਕਾਂ ਮਾਲਕਾਂ ਦੀ ਲੜਾਈ ਹੋਈ ਆ।'

ਲੋਕ ਹੈਰਾਨ ਹੋਏ ਕਿ ਮਾਲਕਾਂ ਮਾਲਕਾਂ ਦੀ ਕਿਵੇਂ ਲੜਾਈ? ਤਾਂ ਫ਼ਕੀਰ ਨੇ ਕਿਹਾ, 'ਭਾਈ ਇਹ, ਇਸ ਕੁੜੀ ਦਾ ਮਾਲਕ ਸੀ, ਮੇਰਾ ਵੀ ਤਾਂ ਕੋਈ ਮਾਲਕ ਹੈ ਨਾ?'

ਕਹਿੰਦੇ, 'ਬਾਬਾ ਹੋਇਆ ਕੀ?'

ਫ਼ਕੀਰ ਕਹਿਣ ਲੱਗਾ,

'ਇਸਦਾ ਜੋ ਮਾਲਕ ਆਇਆ ਮੇਰੇ ਸਰ ਮੇਂ ਜੂਤੇ ਲਗਾ ਗਿਆ,

ਮੇਰੇ ਮਾਲਕ ਨੂੰ ਗੁੱਸਾ ਆਇਆ ਉਹ ਝਗੜਾ ਮੁਕਾ ਗਿਆ।'

ਸੋ ਭਾਈ ਸਾਰਾ ਕੁਝ ਹੀ ਉਸਦਾ ਹੈ, ਕਲੰਕ ਵੀ ਉਸਦੇ ਨਾਂ ਤੇ ਰਾਜ ਤਿਲਕ ਵੀ ਉਸਦੇ ਨਾਂ। ਜਿਵੇਂ ਮੈਂ ਲਿਖਿਆ ਸੀ,

ਕਿਸਸੇ ਕਰੂੰ ਮੁਹੱਬਤ ਕਿਸਸੇ ਨਫ਼ਰਤ ਕਰੂੰ

ਯਹਾਂ ਹਰ ਜਗਹ ਮੁਝੇ ਬਸ ਤੁਮ ਦਿਖਾਈ ਦੇਤੇ ਹੋ।

ਸੋ ਹਰ ਥਾਂ ਤੂੰ ਹੈ।

ਅੱਛਾ ਆਪਾਂ ਗੱਲ ਕਰਦੇ ਸੀ ਚੂੜੀਆਂ ਵਾਲੇ ਦਿਨ ਦੀ। ਉਸਦੀਆਂ ਹੱਥ ਪਈਆਂ ਚੂੜੀਆਂ ਦੀ ਤਸਵੀਰ ਦੇਖ ਮੈਂ ਭਰ ਗਿਆ ਕਿ ਇਹ ਮੇਰੇ ਨਾਂ ਦੀਆਂ ਕਿਉਂ ਨਹੀਂ। ਮੈਂ ਇਕ ਸ਼ਾਇਰੀ ਲਿਖੀ, ਹੋਰ ਮੈਂ ਕਰ ਵੀ ਕੀ ਸਕਦਾ ਸੀ? ਜਾਂ ਤਾਂ ਰੋ ਸਕਦਾ ਸੀ ਜਾਂ ਫਿਰ ਲਿਖ ਸਕਦਾ ਸੀ। ਸੋ ਮੈਂ ਲਿਖਿਆ,

ਉਹਦੇ ਹੱਥ ਚੜੀਆਂ ਰੰਗ ਬਿਰੰਗੀਆਂ ਚੂੜੀਆਂ

ਲੱਗਦਾ ਮੇਰੀ ਜ਼ਿੰਦਗੀ ਨੂੰ ਬੇਰੰਗ ਕਰਨਗੀਆਂ

ਉਸਦੇ ਹੱਥਾਂ ਦੀਆਂ ਚੂੜੀਆਂ ਨੇ ਕੁਝ ਪਲਾਂ ਲਈ ਮੇਰੇ ਸਾਹ ਘੁੱਟ ਦਿੱਤੇ ਸਨ। ਖ਼ੈਰ ਰਾਤ ਬੀਤੀ ਤੇ ਫਿਰ ਕਈ ਦਿਨ ਵੀ। 20 ਅਪ੍ਰੈਲ ਆ ਗਈ। ਮੈਨੂੰ ਕੋਈ ਥਾਂ ਟਿਕਾਣਾ ਨਾ ਲੱਭੇ ਕਿ ਮੈਂ ਕਰਾਂ ਕੀ? ਮੈਂ ਤੜਕੇ ਉੱਠਿਆ ਤੇ ਨਹਾ ਧੋ ਗੁਰੂ ਘਰ ਗਿਆ। ਉਂਝ ਤਾਂ ਮੇਰੇ ਅੰਦਰ ਬਹੁਤ ਰੋਸ ਸੀ ਪਰ ਫਿਰ ਵੀ ਮੈਂ ਮੁਹੱਬਤ ਦੇ ਨਾਂ ਦਾ ਪ੍ਰਸਾਦਿ ਕਰਵਾਇਆ, ਅਰਦਾਸ ਕੀਤੀ ਕਿ 'ਹੇ ਨਾਨਕ ਜੋ ਤੂੰ ਕੀਤਾ ਸਭ ਠੀਕ ਹੈ, ਹੁਣ ਜੋ ਵੀ ਕਰ ਰਿਹਾ ਉਹ ਵੀ

ਠੀਕ ਹੀ। ਪਿੱਛੇ ਜੋ ਹੋਇਆ ਉਸ ਲਈ ਮੈਨੂੰ ਅਫ਼ਸੋਸ ਨਹੀਂ, ਮੇਰੀ ਮੁਹੱਬਤ ਹੁਣ ਇਕ ਨਵੀਂ ਜ਼ਿੰਦਗੀ 'ਚ ਪੈਰ ਧਰ ਰਹੀ ਹੈ, ਉਸਤੇ ਕਿਰਪਾ ਕਰੀਂ ਤੇ ਉਸਦੇ ਕਰਮਾਂ ਦੇ ਜੋ ਵੀ ਦੁੱਖ ਹੋਣਗੇ ਮੇਰੇ ਹਿੱਸੇ ਪਾ ਦੇਵੀਂ ਖੁਸ਼ ਰੱਖੀ ਬਸ ਉਸਨੂੰ।' ਮੈਂ ਕੁਝ ਦੇਰ ਗੁਰਦੁਆਰਾ ਸਾਹਿਬ ਬੈਠਾ ਤੇ ਫਿਰ ਘਰ ਆ ਗਿਆ।

ਉਸੇ ਦਿਨ ਹੀ ਮੇਰੀ ਇਕ ਛੋਟੀ ਭੈਣ ਅਮਨ ਦਾ ਜਨਮਦਿਨ ਸੀ। ਮੈਂ ਆਪਣੇ ਆਪ ਨੂੰ ਇਕੱਲਾ ਨਹੀਂ ਸੀ ਰੱਖਣਾ ਚਾਹੁੰਦਾ ਇਸ ਲਈ ਉਹਨਾਂ ਸਭ ਨੂੰ ਅਮਨ ਦੇ ਜਨਮਦਿਨ ਦੇ ਬਹਾਨੇ ਨਾਲ ਬਿਆਸ ਬੁਲਾ ਲਿਆ। ਉਹ ਸਾਰੇ ਬਿਆਸ ਆ ਅੱਪੜੇ। ਮੈਂ ਦਿਖਾਵੇ ਲਈ ਉਹਨਾਂ ਦੇ ਨਾਲ ਸੀ ਪਰ ਅੰਦਰੋਂ ਪੂਰੀ ਤਰ੍ਹਾਂ ਮੇਰਾ ਧਿਆਨ ਸਿਰਫ਼ ਤੇ ਸਿਰਫ਼ ਮੁਹੱਬਤ ਵਿਚ ਸੀ। ਮੈਂ ਤੜਕੇ ਤੋਂ ਲਿਖਣਾ ਸ਼ੁਰੂ ਕਰ ਦਿੱਤਾ ਸੀ। ਬੇਸ਼ੱਕ ਮੈਂ ਮੁਹੱਬਤ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਸਾਂ ਪਰ ਅੰਦਰ ਦਾ ਜੋ ਰੋਸ ਹੈ ਉਹ ਤਾਂ ਕਿਸੇ ਰੂਪ 'ਚ ਬਾਹਰ ਨਿਕਲਣਾ ਹੀ ਸੀ, ਸੋ ਮੈਂ ਲਿਖਿਆ, ਧਿਆਨ ਨਾਲ ਪੜ੍ਹਨਾ, ਇਹੀ ਸਭ 'ਚ ਮੈਂ ਹਾਂ, ਮੇਰੀਆਂ ਗੱਲਾਂ ਨੇ, ਮੇਰਾ ਅਤੀਤ ਹੈ, ਮੇਰਾ ਅੱਜ ਹੈ, ਮੇਰਾ ਭਵਿੱਖ ਹੈ। ਪੜ੍ਹੋ,

ਓਧਰ ਸ਼ਗਨਾਂ ਦੀ ਉਸ ਡੋਲੀ ਚੜ੍ਹਨੈ
ਮੈਂ ਏਧਰ ਅੱਗ ਹਿਜ਼ਰ ਦੀ ਸੜਨੈ।

ਸ਼ਾਇਦ ਮੇਰਾ ਕੋਈ ਸੋਹਿਲਾ ਪੜ੍ਹਦੈ
ਉਸ ਨਾਲ ਕਿਸੇ ਚਾਰ ਲਾਵਾਂ ਪੜ੍ਹਨੈ।

❖

ਅੱਗੇ ਪੜ੍ਹੋ....

ਅਜੇ ਵਾਹਵਾ ਬਾਕੀ ਏ..

ਹੋਰ ਮੈਖ਼ਾਨਿਆਂ 'ਚੋਂ ਕੱਢ ਸ਼ਰਾਬ ਪੀਤੀ ਏ
ਉਸਦੇ ਨੈਣਾਂ ਮੇਰੇ ਨਾਲ ਬਗ਼ਾਵਤ ਕੀਤੀ ਏ।

ਨਹੀਂ ਸੀ ਚਾਹੁੰਦਾ ਹੋਰਾਂ ਨਾਲ ਤਨ ਘਸਾਵਾਂ
ਉਸਦੀ ਵਾਸਨਾ ਕਰਕੇ ਮੇਰੇ ਹੱਢ ਬੀਤੀ ਏ।

ਦੱਸ ਮੇਰੀ ਮਰਜ਼ੀ ਕਦ ਸੀ ਵਿਕ ਜਾਵਣ ਦੀ
ਇਹ ਉਸਦੀ ਕਾਰਗੁਜ਼ਾਰੀ ਲਾਈ ਫੀਤੀ ਏ।

ਮੈਂ ਤਾਂ ਉਸਨੂੰ ਰੱਬ ਬਰੋਬਰ ਮੰਨਣ ਵਾਲਾ ਸਾਂ
ਉਸ ਜ਼ਹਿਰ ਘੋਲਿਆ ਮੇਰੇ ਬੰਦਗੀ ਛੀਤੀ ਏ।

ਟੁੱਟੀ ਨੂੰ ਜੇ ਗੰਢ ਦੇਂਦਾ ਮੈਂ ਠਹਿਰ ਜਾਣਾ ਸੀ
ਪਰ ਉਸ ਜ਼ਖ਼ਮਾਂ ਉੱਤੇ ਲੂਣੀ ਪੱਟੀ ਸੀਤੀ ਏ।

ਮੇਰੇ ਵਿਚੋਂ ਬੂ ਤਾਹੀਂ ਵੰਨ ਸੁਵੰਨੀ ਆਉਂਦੀ ਜੋ
ਮੈਂ ਰੂਹ ਆਪਣੀ ਚਿੱਟਿਉਂ ਕਰੀ ਪਲੀਤੀ ਏ।

ਮੰਨਣ ਨੂੰ ਤਾਂ ਮੈਂ ਦੋਸ਼ੀ ਵੀ ਖ਼ੁਦ ਨੂੰ ਮੰਨਦਾ ਹਾਂ
ਨਾ ਮੰਨਣ ਨੂੰ ਕੀ ਨਵੀਂ ਕੋਈ ਕਰੀ ਕੁਰੀਤੀ ਏ।

ਸੁੱਟ ਪ੍ਰੀਤਾ ਚਿੱਕੜ ਖ਼ੁਦ 'ਤੇ ਜਿੰਨਾ ਸੁੱਟ ਸਕਦੈ
ਸ਼ਾਇਦ ਤੇਰੀ ਮੁਹੱਬਤ ਮੁੱਕਜੇ ਉਸ ਮਸੀਤੀ ਏ।

ਬੇਸਬਰਿਆਂ ਨੂੰ ਅਕਸਰ ਮੁਹੱਬਤ ਮਿਲਦੀ ਏ
ਸਬਰਿਆਂ ਹੱਥ ਤਾਂ ਬਸ ਖ਼ਾਲੀ ਠੂਠੇ ਆਉਂਦੇ ਨੇ।

ਇਸ਼ਕ ਹਕੀਕੀ ਵਾਲੇ ਸੂਲ਼ੀ 'ਤੇ ਚੜ੍ਹਦੇ ਵੇਖੋਗੇ
ਜਿਸਮ ਲੁੱਟਣ ਅਕਸਰ ਆਸ਼ਿਕ ਝੂਠੇ ਆਉਂਦੇ ਨੇ।

❖

ਸਬਰ ਨਾਲ ਪੜ੍ਹਦੇ ਚਲੋ, ਮੇਰੇ ਅਹਿਸਾਸ, ਮੇਰੇ ਐਬ, ਮੇਰੇ ਗੁਣ..

ਕਿ ਬੁੱਝ ਗਿਆ ਹੈ ਦੀਵਾ ਜਿਹੜਾ ਬਲ਼ਦਾ ਸੀ
ਮੇਰੇ ਕਹਿਣ 'ਤੇ ਜਿਹੜਾ ਸੂਰਜ ਢਲ਼ਦਾ ਸੀ।

ਮੈਂ ਤੇ ਚੰਨ ਨੂੰ ਆਖਿਆ ਤੂੰ ਉਸਦੀ ਥਾਂ ਲੈ ਲੈ
ਓਹ ਵੀ ਤੇਰੀ ਗੱਲ ਸੁਣ ਅੱਖਾਂ ਮਲ਼ਦਾ ਸੀ।

ਚਿੜੀਆਂ ਦਿੱਤਾ ਸੁਨੇਹਾ ਮਸਲਾ ਵਿਗੜ ਗਿਆ
ਗੁੰਮ ਹੋ ਗਿਆ ਸਬਰ ਜੋ ਤੈਨੂੰ ਛਲ਼ਦਾ ਸੀ।

ਦੱਸ ਇਸਤੋਂ ਮਾੜਾ ਕੀ ਹੋ ਸਕਦਾ ਮੇਰੇ ਲਈ
ਚੜ੍ਹ ਗਿਆ ਡੋਲੀ ਗ਼ੈਰ ਜੋ ਮੇਰੇ ਵੱਲ ਦਾ ਸੀ।

ਤੇਰੀ ਗ਼ੈਰ ਹਾਜ਼ਰੀ ਵਿਚ ਕੋਇਲਾਂ ਟੁੰਬਦੀਆਂ
ਓ ਇਸ਼ਕ ਨਹੀਂ ਹੋਣਾ ਜੋ ਤੇਰੇ ਨਾਲ ਕੱਲ੍ਹ ਦਾ ਸੀ।

ਦੇਖਣ ਨੂੰ ਪਰਛਾਵੇਂ ਇੱਕੋ ਜਿਹੇ ਲੱਗਦੇ, ਪਰ
ਕੋਈ ਨਾ ਟੱਕਰੇ ਜਿਹੜਾ ਤੇਰੀ ਖੱਲ੍ਹ ਦਾ ਸੀ।

❖

ਕੁਛ ਇਸ ਤਰ੍ਹਾਂ ਸੇ ਗੁਜਰ ਰਹਾ ਹੈ ਵੋ ਮੇਰੀ ਦਹਿਲੀਜੋਂ ਸੇ

ਜੈਸੇ ਕੋਈ ਸਿੰਕਦਰ ਕਾਯਨਾਤ ਜੀਤ ਚਲ ਰਹਾ ਹੋ

❖

ਕਿ ਇਸਤੋਂ ਪਹਿਲਾਂ ਸੱਚੇ ਰੱਬ ਨੂੰ
ਮੈਨੂੰ ਕੋਲ ਬੁਲਾ ਕੇ ਲੇਖਾ ਮੰਗਣਾ ਪਵੇ।

ਮੈਂ ਸੋਚਦਾ ਕਿਉਂ ਨਾ ਉਸ ਤੋਂ ਪਹਿਲਾਂ ਹੀ

ਮੈਂ ਆਪਣੀ ਆਪ ਹਾਜ਼ਰੀ ਲਵਾ ਆਵਾਂ

ਦੇਖਾਂ ਜੇ ਉਹ ਕੁਝ ਢਿੱਲ ਵਰਤ ਜੇ
ਮੇਰੇ ਐਬਾਂ ਨੂੰ ਪਰਦੇ ਕਰ ਦੇਵੇ

ਗੁਰਦੁਆਰੇ ਮੰਦਿਰ ਮਸੀਤ 'ਚ ਵੜਕੇ
ਮੈਂ ਦਿਖਾਵੇ ਦੀ ਕਾਰਵਾਈ ਪਾ ਆਵਾਂ।

❖

ਕਹਿ ਰਿਹਾ ਸੀ ਜਾਂਦਾ ਜਾਂਦਾ
ਟੁੱਟ ਗਿਆ ਮਨ ਭਟਕਣ ਖਾਂਦਾ।

ਦੇਖੀਂ ਪ੍ਰੀਤਮ ਤੂੰ ਨਾ ਭਟਕੀਂ
ਮਰ ਜਾਵੇਂਗਾ ਜਗ ਸਮਝਾਂਦਾ।

ਮੇਰੇ ਜੇ ਕੁਝ ਵੱਸ ਵਿਚ ਹੁੰਦਾ
ਤੇਰਾ ਹੋ ਕੇ ਜ਼ਰੂਰ ਦਿਖਾਂਦਾ।

ਆਹ ਜਾਤ ਪਾਤ ਦੇ ਚੋਚਲੇ ਕਰਕੇ
ਮੁਹੱਬਤ ਤੇਰੀ ਤੋਂ ਨਾ ਪਰ ਕਤਰਾਂਦਾ।

❖

ਮੈਂ ਉਡੀਕ ਰਿਆ ਸੀ ਵਿਆਹ ਤੇਰੇ ਨੂੰ
ਫਲ਼ ਮਿਲ ਰਿਹਾ ਸ਼ਾਇਦ ਗੁਨਾਹ ਮੇਰੇ ਨੂੰ।

ਤੇਰੀਆਂ ਅੱਖਾਂ ਓਹਲੇ ਕਈ ਜਿਸਮ ਤਲਾਸ਼ੇ
ਬੜੀ ਠੇਸ ਲਾਈ ਇਸ਼ਕ ਬੇਪਨਾਹ ਤੇਰੇ ਨੂੰ।

❖

ਚੁੱਪ ਚਾਪ ਚਲਿਆ ਚੁੱਪ ਚਪੀਤੇ
ਚੁੱਪੀ 'ਚੋਂ ਚੁੱਪ ਖਿਲਾਰੇ ਫੀਤੇ।

ਬੰਨ੍ਹ ਬੰਨ੍ਹ ਰੱਖਿਆ ਬੁੱਲ੍ਹਾਂ ਨੂੰ ਉਸ
ਅਖੀਰ ਦੀ ਵਾਰੀ ਬੁੱਲ੍ਹ ਨਾ ਸੀਤੇ।

ਪਾ ਤਾਂ ਰੌਲਾ ਮੈਂ ਗਿਆ ਲੁੱਟਿਆ
ਲੁੱਟ ਦੇ ਬਸ ਉਸ ਦਿਖਾਵੇ ਕੀਤੇ।

ਕਿੰਨੇ ਉਸ ਜਿਸਮਾਂ ਨੂੰ ਲੁੱਟਿਆ
ਪਾ ਘੱਟਾ ਉਸਦੀਆਂ ਅੱਖਾਂ ਝੀਤੇ।

ਨਾ ਅਫ਼ਸੋਸ ਨਾ ਗਮ ਕੋਈ ਉਸ
ਬੈਠ ਗਮਾਂ ਦੀ ਝੋਲੀ ਹਾਸੇ ਪੀਤੇ।

ਦਿਲ ਦਿਲਬਰ ਦਾ ਨਾ ਕੋਈ ਝੋਰਾ
ਝੋਰੇ ਤਾਂ ਕਈ ਉਮਰਾਂ ਦੇ ਬੀਤੇ।

ਮੈਂ ਹੀ ਮੁਹੱਬਤ ਮੈਂ ਹੀ ਹਾਂ ਪ੍ਰੀਤਮ
ਪ੍ਰੀਤਮ ਤੋਂ ਬਸ ਉਸ ਫ਼ਾਇਦੇ ਲੀਤੇ।

ਸੱਚ ਹੈ ਕੌੜਾ ਪਰ ਜੇ ਮੈਂ ਆਖਾਂ
ਸੁਣ ਨਹੀਂ ਹੋਣਾ ਤੈਥੋਂ ਚੁੱਪ ਚਪੀਤੇ।

❖

ਦਿਨ ਦਿਹਾੜੇ ਲੁੱਟ ਕੇ ਲੈ ਗਿਆ

ਮੇਰੀ ਸੰਘੀ ਘੁੱਟ ਕੇ ਲੈ ਗਿਆ।

ਕਿੱਦਾਂ ਕਰਾਂ ਹੁਣ ਨਵਾਂ ਪੁੰਗਾਰਾ

ਚੰਦਰਾ ਜੜ ਤੋਂ ਪੁੱਟ ਕੇ ਲੈ ਗਿਆ।

ਜੜ ਤੋਂ ਪੁੱਟਣ ਵਾਲਾ ਹੀ ਹਿਸਾਬ ਹੈ। ਜਦੋਂ ਕਿਸੇ ਬੂਟੇ ਨੂੰ ਜੜੋਂ ਪੁੱਟ ਦਿਉ ਤੇ ਫਿਰ ਉਸਦੇ ਪੁੰਗਰਣ ਦੀ ਉਮੀਦ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ। ਫਿਰ ਤਾਂ ਬਸ ਉਹ ਸਿਰਜਣਹਾਰ ਹੀ ਹੈ ਜੇਕਰ ਮਿਹਰ ਦਾ ਮੀਂਹ ਵਰਸਾਏ ਤੇ ਮੁੜ ਤੋਂ ਬੂਟਾ ਹਰਿਆ ਕਰ ਦੇਵੇ। ਪਰ ਉਸਦੀ ਮਿਹਰ ਹਾਸਲ ਕਰਨਾ ਸੌਖਾ ਨਹੀਂ। ਖ਼ੈਰ ਇਹ ਉਹ ਕੁਝ ਸ਼ਾਇਰੀਆਂ, ਗ਼ਜ਼ਲ਼ਾਂ ਸੀ ਜੋ ਮੈਂ ਤੜਕੇ ਤੋਂ ਹੀ ਲਿਖ ਚੁਕਾਂ ਸਾਂ। ਕੁਝ ਵਕਤ ਪਿੱਛੋਂ ਮੇਰੇ ਦੋਸਤ ਆਏ ਤੇ ਦਿਨ ਉਹਨਾਂ ਨਾਲ ਬੀਤ ਗਿਆ। ਸ਼ਾਮ ਨੂੰ ਉਹ ਸਾਰੇ ਵਾਪਿਸ ਚਲੇ ਗਏ ਤੇ ਮੈਂ ਮੁੜ ਤੋਂ ਇਕੱਲਾ ਹੋ ਗਿਆ। ਅਜੇ ਮੈਂ ਇੰਸਟਾਗ੍ਰਾਮ ਖੋਲ੍ਹਿਆ ਹੀ ਕਿ ਮੁਹੱਬਤ ਦੀ ਦੋਸਤ ਪ੍ਰਿਯੰਕਾ ਨੇ ਉਸਦੀ ਤਸਵੀਰ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੋਈ ਸੀ। ਮੁਹੱਬਤ ਨੇ ਸ਼ਗਨਾਂ ਦਾ ਜੋੜਾ ਪਾਇਆ ਹੋਇਆ ਸੀ। ਖੁਸ਼ ਨਜ਼ਰ ਆ ਰਹੀ ਸੀ। ਹੱਥ ਚੂੜਾ ਸੀ, ਇਕ ਦਮ ਤਿਆਰ ਬਰ ਤਿਆਰ ਡੋਲੀ ਚੜ੍ਹਨ ਲਈ। ਸ਼ਾਮ ਦੇ ਕਰੀਬ ਛੇ ਵੱਜ ਰਹੇ ਸਨ, ਮੇਰੇ ਮਨ 'ਚ ਖਿਆਲ ਆਇਆ ਕਿ ਉਹ ਡੋਲੀ ਚੜ੍ਹ ਗਈ ਹੋਵੇਗੀ। ਮੈਂ ਏਨਾ ਰੋਇਆ ਕਿ ਕੋਈ ਹਿਸਾਬ ਹੀ ਨਹੀਂ। ਗਰਮੀ ਹੁੰਦੇ ਵੀ ਮੈਂ ਕਮਰੇ 'ਚ 'ਕੱਲਾ ਸਿਰਹਾਣੇ 'ਚ ਸਿਰ ਦੇ ਰੋ ਰਿਹਾ ਸੀ। ਸਾਰੀ ਰਾਤ ਰੋ ਕੇ ਲੰਘੀ। ਮੈਂ ਸੁੱਤਾ ਨਾ ਉਸ ਸਾਰੀ ਰਾਤ ਤੇ ਵਿਚ ਵਾਰ ਲਿਖਿਆ ਵੀ, ਪੜ੍ਹ ਲਵੋ, ਤਾਂ ਬਹਿਤਰ ਜਾਣ ਜਾਵੋਗੇ, ਕੁਝ ਇਸ ਤਰ੍ਹਾਂ ਸੀ,

ਮੇਰਾ ਗੀਤ ਸੁਰ ‘ਤੇ ਨਾ ਚੜ੍ਹੇ ਦੱਸੋ ਸਾਜ ਦੀ ਟਨਕਾਰ ਕੀ ਕਰੇ!
ਮੇਰਾ ਵੈਰੀ ਮਹਿਬੂਬ ਹੀ ਹੋਇਆ ਦੱਸੋ ਬੰਦਾ ਤਕਰਾਰ ਕੀ ਕਰੇ!

ਮਜ਼ਹਬ ਬਦਲਣ ਵਿਚ ਉਲਝਣ ਬਹੁਤ ਉਹ ਤਰਖਾਣ ਹੀ ਰਿਹਾ,
ਉਸਦੇ ਪੁਰਾਣੇ ਪੈਂਤੜਿਆਂ ਦੇ ਸਾਹਮਣੇ ਨਵਾਂ ਕਾਰੀਗਾਰ ਕੀ ਕਰੇ!

ਮੇਰੀ ਦਿੱਤੀ ਹੋਈ ਪਾਜ਼ੇਬ ਦੇ ਬੋਰ ਕਿਰ ਗਏ ਡੋਲੀ ਵਿਚ ਬੈਠਦੇ,
ਉਸ ਜਦ ਤੋੜਣ ਲਈ ਹੀ ਪਹਿਣ ਲਈ ਫਿਰ ਸੁਨਿਆਰ ਕੀ ਕਰੇ!

ਪਿਛਲੇ ਸਾਵਣ ਭੇਜੀਆਂ ਚੂੜੀਆਂ ਜਦ ਝੁਮਕਿਆਂ ਸੰਗ ਮੋੜੀਆਂ,
ਫਿਰ ਇੱਤਰ, ਘੜੀ, ਕੜਾ ਤੇ ਬਿੰਦੀਆਂ ਦੀ ਓਹ ਭਰਮਾਰ ਕੀ ਕਰੇ!

ਹੈ ਮੁਹੱਬਤ ਦੇ ਵਿਚ ਜਲਜਲਾ ਮਲਾਹ ਕਿਨਾਰੇ ਉੱਤੋਂ ਭਟਕ ਗਿਆ,
ਜਦ ਕਿਸ਼ਤੀ ਸਿਖਰ ਉੱਤੋਂ ਹੀ ਤਿੜਕ ਗਈ ਤਾਂ ਪਤਵਾਰ ਕੀ ਕਰੇ!

ਇਹ ਜੋ ਉਸਦੇ ਅੱਜ ਕੀਤੇ ਫੈਸਲੇ ਮੇਰੇ ਕੱਲ੍ਹ ਨੂੰ ਜੋ ਠੋਕਰ ਲਾਂਵਦੇ,
ਫਿਰ ਮੇਰੀ ਉਡੀਕ, ਮੇਰੇ ਸਬਰ ਨੂੰ ਦੱਸੋ ਸੱਚੀ ਸਰਕਾਰ ਕੀ ਕਰੇ!

❖

ਉਸਦੇ ਡੋਲੀ ਚੜ੍ਹਦੇ ਹੀ ਉਹਨਾਂ ਸਭ ਚੀਜ਼ਾਂ ਨੇ ਮੇਰਾ ਆਸਾ ਪਾਸਾ ਘੇਰ ਲਿਆ ਜੋ ਸਿਰਫ਼ ਉਸਦੇ ਤੇ ਮੇਰੇ ਦਰਮਿਆਨ ਸਨ। ਲਬ ਚੁੱਪ ਸਨ, ਅੱਖੀਆਂ ਤੜਫ ਰਹੀਆਂ ਸਨ ਤੇ ਮਨ ਬੋਲ ਰਿਹਾ ਸੀ, ਮੈਂ ਲਿਖਿਆ,

ਮੁਬਾਰਕ ਮੇਰੇ ਮਹਿਬੂਬ
ਤੈਨੂੰ ਨਵੀਂ ਬਹਾਰ ਮੁਬਾਰਕ।

ਮੇਰੀ ਮੌਤ 'ਤੇ ਉਲੀਕੇ
ਨਵੇਂ ਸ਼ਿੰਗਾਰ ਮੁਬਾਰਕ।

ਤੈਨੂੰ ਸ਼ਗਨਾਂ ਦੀ ਡੋਲ਼ੀ
ਤੇਰਾ ਸਵਾਰ ਮੁਬਾਰਕ।

ਸੁਹਾਗ ਬਾਹਾਂ 'ਚ ਲਿਪਟੀ
ਨਵੀਂ ਉਡਾਰ ਮੁਬਾਰਕ।

❖

ਖਹਿ ਖਹਿ ਕੇ ਲੰਘਦੀ ਹੈ ਮੇਰੇ ਕੋਲ ਦੀ

ਤੇਰੀ ਯਾਦ ਏ ਜੋ ਨਿੱਤ ਹੀ ਮੈਨੂੰ ਹੌਲਦੀ।

ਪਲ਼ ਪਲ਼ ਮੈਂ ਮੌਤ ਨੂੰ ਛੋਹ ਕੇ ਮੁੜਦਾ ਹਾਂ

ਏ ਕਿਉਂ ਨਾ ਮੇਰੀ ਜਿੰਦ ਨਿਮਾਣੀ ਗੌਲਦੀ!

❖

ਲੈ ਮੈਂ ਬਦਲ ਜਾਵਾਂਗਾ ਫਿਰ ਇੱਕ ਵਾਰ
ਖੋਲ ਦਿਆਂਗਾ ਜੋ ਅਸਲ ਪ੍ਰੀਤਮ ਯਾਰ।

ਦੁਨੀਆਂ ਜੋ ਵਿਸਾਰ ਰਹੀ ਏ ਚੁੱਪੀ ਨੂੰ
ਕੰਨ ਬੰਦ ਕਰ ਲੈਣਗੇ ਸੁਣ ਮੇਰੀ ਪੁਕਾਰ।

ਖੰਭ ਕੁਤਰੇ ਹੋਏ ਉਹ ਪੁੰਗਰ ਆਉਣੇ ਨੇ
ਕੋਈ ਜਾਲ ਥੰਮ ਨਾ ਸਕੂ ਮੇਰੀ ਉਡਾਰ।

ਬੰਦ ਘੜਾ ਦੇਖੀਂ ਜਿਵੇਂ ਹੀ ਤਿੜਕਿਆ
ਸੱਤ ਸਾਗਰਾਂ ਜਿੰਨੀ ਮੇਰੀ ਹੋਵੂ ਬੁਛਾਰ।

ਤੂੰ ਰਹਿਮਤ ਕਰਕੇ ਜਾਵੇਂਗਾ ਲੱਗਦਾ
ਪਲੜੇ 'ਚ ਭਰੇਗਾ ਦਰਦਾਂ ਦਾ ਭਾਰ।

ਦੇਖੀਂ ਸ਼ਾਇਰ ਪ੍ਰੀਤਮ ਜਾਗ ਜਾਵੇਗਾ
ਸੌਂ ਜਾਵੇਗਾ ਇਹਦਾ ਆਸ਼ਿਕ ਕਿਰਦਾਰ।

❖

ਕਤਰਾ ਕਤਰਾ ਕਰਕੇ ਵਿਕ ਜਾਵਾਂਗਾ ਤੇਰੀ ਖ਼ਾਤਿਰ ਮੈਂ
ਜੇ ਫਿਰ ਵੀ ਮੈਨੂੰ ਤੂੰ ਮੁਹੱਬਤ ਨਾ ਕਰੇ ਤਾਂ ਕੋਈ ਅਫ਼ਸੋਸ ਨਹੀਂ।

❖

ਆਪਾਂ ਦੋਵਾਂ 'ਚ ਫ਼ਰਕ ਭਾਲਦਾ ਏ
ਇਹਦਾ ਮਤਲਬ ਅਜੇ ਤੂੰ ਮੈਂ ਨਹੀਂ ਹੋਇਆ..!!

ਮੈਂ ਮੈਂ ਨਹੀਂ ਮੈਂ ਤਾਂ ਮੰਨਦਾ ਹਾਂ
ਤੂੰ ਤੂੰ ਏ ਤੈਥੋਂ ਏਹ ਵੀ ਤੈ'  ਨਹੀਂ ਹੋਇਆ..!!

ਘਮੰਡ ਨਦਾਨੀ ਜਾਂ ਮੁਸ਼ਕਲਾਤ ਆਖ ਲੈ
ਤੈਥੋਂ ਮੁਹੱਬਤ ਵਿਚ ਵੀ ਢੈ' ਨਹੀਂ ਹੋਇਆ..!!

ਰੱਬ ਦੇ ਕੰਮਾਂ 'ਚ ਨੁਕਸ ਕੱਢਦੈ
ਤੈਥੋਂ ਬਾਣੀ ਨਾਲ ਵੀ ਵੈਂ' ਨਹੀਂ ਹੋਇਆ..!!

ਚੁੱਪ ਸਾਧ ਖੋਜ ਕਰ ਤੇ ਛੱਡ ਝਮੇਲੇ
ਜੇ ਤੂੰ ਮੈਂ ਨਹੀਂ ਹੋਇਆ ਤਾਂ ਤੂੰ ਤੈਂ ਨਹੀਂ ਹੋਇਆ..!!

❖

ਚੁੱਪ ਚਪੀਤੇ ਲੰਘ ਜਾਵੇਗਾ

ਹਰ ਪਲ਼ ਹਰ ਘੜੀ ਹਰ ਸਮਾਂ ਵੀ

ਪਰ ਖੜਾ ਮੈਂ ਤੇਰੇ ਇੰਤਜ਼ਾਰ 'ਚ

ਉਮਰ ਭਰ ਰਹਾਂਗਾ।

ਸੋ ਉਸਦੀ ਡੋਲ੍ਹੀ ਉੱਠ ਗਈ ਤੇ ਮੈਂ ਉਮਰ ਭਰ ਲਈ ਉਸ ਵਾਸਤੇ ਚੁੱਪ ਹੋ ਗਿਆ ਤੇ ਸ਼ਾਇਦ ਚੁੱਪ ਹੀ ਰਹਾਂਗਾ। ਕਿਉਂਕਿ ਮੁਹੱਬਤ ਕਰਨਾ ਤਾਂ ਆਸਾਨ ਹੈ ਪਰ ਮੁਹੱਬਤ ਹਾਸਲ ਕਰਨਾ ਇਹ ਬਹੁਤ ਹੀ ਵੱਡੀ ਗੱਲ ਹੈ। ਜਿਵੇਂ ਮੈਂ ਲਿਖਿਆ ਸੀ,

ਮੁਹੱਬਤ ਕਮਾਉਣਾ ਸਭ ਤੋਂ ਔਖਾ ਕੰਮ ਹੈ

ਤੁਹਾਨੂੰ ਸਭ ਕੁਝ ਦਾਅ 'ਤੇ ਲਾ

ਇਸਨੂੰ ਕਮਾਉਣਾ ਪੈਂਦਾ ਹੈ।

ਬੇਸ਼ੱਕ ਮੁਹੱਬਤ ਕਮਾਉਣ ਲਈ ਸਭ ਕੁਝ ਦਾਅ 'ਤੇ ਲਾਉਣਾ ਪੈਂਦਾ ਹੈ ਪਰ ਕਈ ਵਾਰ ਸਭ ਕੁਝ ਦਾਅ 'ਤੇ ਲਾ ਕੇ ਤੁਸੀਂ ਮੁਹੱਬਤ ਕਮਾ ਨਹੀਂ ਸਕਦੇ। ਉਹ ਫਿਰ ਬਖਸ਼ਿਸ਼ ਹੈ ਨਾਨਕ ਦੀ। ਕਰਦੇ ਤਾਂ ਕਯਾ ਹੀ ਬਾਤ ਨਾ ਕਰੇ ਤਾਂ ਵੀ ਘਾਟੇ ਦਾ ਸੌਦਾ ਨਹੀਂ। ਜਿਵੇਂ ਭਗਤ ਨਾਮਦੇਵ ਜੀ ਦੀ ਬਾਣੀ ਹੈ,

**ਜੌ ਰਾਜੁ ਦੇਹਿ ਤ ਕਵਨ ਬਡਾਈ॥**
**ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥**

ਭਾਵ, ਜੇ ਪ੍ਰਭੂ ਤੂੰ ਮੈਨੂੰ ਪਾਤਸ਼ਾਹੀ ਦੇ ਦੇਵੇਂ, ਤਦ ਇਸ ਵਿਚ ਮੇਰੀ ਕੀ ਪ੍ਰਭਤਾ ਹੈ? ਜੇਕਰ ਤੂੰ ਮੇਰੇ ਕੋਲੋਂ ਭੀਖ ਮੰਗਾਵੇ, ਤਦ ਇਸ ਵਿਚ ਮੈਨੂੰ ਕੋਈ ਘਾਟਾ ਨਹੀਂ ਹੈ।

ਸੋ ਸਭ ਉਸਦੀ ਉਪਮਾ ਹੈ। ਮੁਹੱਬਤ ਬਖਸ਼ਿਸ਼ ਕਰਨਾ ਨਾ ਕਰਨਾ ਉਸਦੀ ਮਰਜੀ। ਮੈਂ ਖ਼ੁਦ ਨੂੰ ਸਾਂਭਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਵਿਅਸਤ ਰੱਖਣਾ ਚਾਹਿਆ। ਪਰ ਮੈਂ ਜਿੰਨਾ ਖ਼ੁਦ ਨੂੰ ਵਿਅਸਤ ਰੱਖਣਾ ਚਾਹਿਆ, ਠੀਕ ਰੱਖਣਾ ਚਾਹਿਆ ਮੈਂ ਹੋਰ ਉਲਝਦਾ ਗਿਆ ਤੇ ਆਪਣੇ ਮਨ, ਆਪਣੇ ਤਨ, ਆਪਣੀ ਰੂਹ ਨੂੰ ਜੜੋਂ ਪੁੱਟਦਾ ਗਿਆ। ਇਸ ਲਈ ਮੈਂ ਆਪਣੀ ਹਾਲਤ ਨੂੰ ਬਿਆਨ ਕਰਦੇ ਸ਼ਿਅਰ ਵੀ ਲਿਖਿਆ, ਜੋ ਇਸ ਤਰ੍ਹਾਂ ਸੀ,

ਬਹਿਤਰੀਨ ਹੋਣੇ ਕੀ ਦੌੜ ਮੇਂ

ਮੈਂ ਬੇ ਹੁਦਾ ਹੋ ਗਯਾ ਹੂੰ

ਜਾਓ ਜਾ ਕਰ ਕਹਿ ਦੋ ਉਸ ਖ਼ੁਦਾ ਸੇ

ਮੁਝੇ ਪਹਿਲੇ ਕੀ ਤਰ੍ਹਾਂ ਕਰ ਦੇ।

❖

ਮੈਂ ਅੱਗੇ ਵਧਣ ਦੀ ਨਾਕਾਮ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਿਹਾ। ਮੈਂ ਉਸ ਲਈ ਵੀ ਲਿਖਿਆ,

ਦੱਸ ਕਰ ਲਵਾਂ ਤਬਾਦਲਾ ਖ਼ਿਆਲ਼ਾਂ ਦਾ?
ਫੇਰ ਗੇੜ ਮੁੱਕਜੂ ਮੇਰੇ ਸਵਾਲਾਂ ਦਾ?

ਕੰਮ ਔਖਾ ਤਾਂ ਨਹੀਂ ਏ ਅੱਗੇ ਵਧਣਾ,
ਪਰ ਮਸਲਾ ਸਾਰਾ ਦਿਲੀ ਬਵਾਲਾਂ ਦਾ।

ਆਪਣੇ ਆਪ ਨੂੰ ਅੱਗੇ ਵਧਾਉਣ ਦੀ ਨਾਕਾਮ ਕੋਸ਼ਿਸ਼ 'ਚ ਆਪਣੇ ਆਪ ਨੂੰ ਭਟਕਣੇ ਲਾ ਲਿਆ। ਮੇਰੇ ਲਿਖੇ ਕੁਝ ਇਹਨਾਂ ਸ਼ਿਅਰਾਂ ਤੋਂ ਸ਼ਾਇਦ ਤੁਸੀਂ ਅੰਦਾਜ਼ਾ ਲਗਾ ਲਵੋ ਮੇਰੀ ਹਾਲਤ ਦਾ,

ਮੁਝ ਮੇਂ ਕਿਤਨੀ ਹਿਸਰ ਹੈ ਮੈਂ ਕਭੀ ਜਾਣ ਹੀ ਨਾ ਪਾਤਾ
ਤੇਰੀ ਮੁਹੱਬਤ ਨੇ ਅਗਰ ਮੁਝੇ ਠੁਕਰਾਯਾ ਨਾ ਹੋਤਾ।

❖

ਚਾਹੇ ਦਿਨ ਭਰ ਨਦੀ ਨਾਲੀਓਂ ਮੇਂ ਡੂਬਾ ਰਹਤਾ ਹੂੰ ਮੈਂ
ਲੇਕਿਨ ਰਾਤ ਮੇਂ ਮੁਝੇ ਤੇਰੀ ਯਾਦੋਂ ਕਾ ਸਮੁੰਦਰ ਚਾਹੀਯੇ।

❖

ਮੇਰੀ ਉਮਰ ਬੀਤ ਜਾਣੀ ਤੇਰੇ ਕੁਝ ਸਾਲਾਂ ‘ਚ
ਇਲਜ਼ਾਮ ਫਿਰ ਵੀ ਤੇਰਾ ਇਹੀ ਹੋਣਾ
ਕੁਝ ਪਲ਼ ਹੋਰ ਇੰਤਜ਼ਾਰ ਨਾ ਕਰ ਸਕਿਆ

❖

ਗਿਣਤੀ ਮਤ ਪੂਛ ਮੇਰੇ ਇਸ਼ਕੀਆ ਅਫ਼ਸਾਨੋ ਕੀ

ਯਹ ਪੂਛ ਕਿ ਤੇਰੇ ਬਾਦ ਮੈਨੇ ਮੁਹੱਬਤ ਕਿਤਨੋ ਸੇ ਕੀ ਹੈ

❖

ਤਲੀਆਂ 'ਤੇ ਚੁੱਕ ਕੇ ਰੱਖਣ ਨੂੰ ਤਾਂ ਉਮਰਾਂ ਲੱਗਦੀਆਂ ਨੇ

ਨਜ਼ਰਾਂ 'ਚੋਂ ਸੁੱਟਣ ਲਈ ਤਾਂ ਇਕ ਪਲ਼ ਵੀ ਬਹੁਤਾ ਏ।

❖

ਇੱਕ ਨਵਾਂ ਸੂਰਜ ਚੜ੍ਹ ਗਿਆ ਏ

ਇੱਕ ਨਵੀਂ ਉਮੀਦ ਨਾਲ

ਪਰ ਮੈਂ ਚੰਦਰਾ ਅਜੇ ਵੀ ਉਸਦੇ

ਪੁਰਾਣੇ ਖਿਆਲਾਂ ਵਿਚ ਡੁੱਬਿਆ ਹਾਂ।

❖

ਦਿਨ ਬੀਤੇ ਤੇ ਮੈਂ, ਮੈਂ ਨਾ ਰਿਹਾ। ਮੈਂ ਬੇਪਰਵਾਹ ਹੋ ਗਿਆ ਹਾਂ। ਪੂਰੀ ਤਰ੍ਹਾਂ ਬੇਪਰਵਾਹ। ਕਿਸੇ ਦੇ ਜੰਮਣ ਮਰਨ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਸਮਝ ਨਹੀਂ ਆ ਰਹੀ ਇਹ ਸਬਰ ਹੈ ਜਾਂ ਫਿਰ ਮੇਰੀ ਅੰਦਰੂਨੀ ਮੌਤ। ਮੇਰੇ 'ਚ ਭਾਵਨਾਵਾਂ ਖ਼ਤਮ ਹੋ ਗਈਆਂ ਨੇ। ਪਿਛਲੇ ਕੁਝ ਵਕਤ ਤੋਂ ਕਿੰਨੀਆਂ ਹੀ ਕੁੜੀਆਂ ਨੇ ਮੈਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ ਮੇਰੇ ਨਾਲ ਪਿਆਰ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਕਿਸੇ ਨਾਲ ਪਿਆਰ ਨਾ ਪਾ ਸਕਿਆ। ਇੰਝ ਨਹੀਂ ਕਿ ਮੈਂ ਕੋਸ਼ਿਸ਼ ਨਹੀਂ ਕੀਤੀ। ਮੈਂ ਪੂਰੀ ਕੋਸ਼ਿਸ਼ ਕੀਤੀ ਕਿ ਮੁੜ ਤੋਂ ਕਿਸੇ ਨਾਲ ਪਿਆਰ ਕਰ ਸਕਾਂ ਪਰ ਜਾਂ ਤਾਂ ਮੁਹੱਬਤ ਵਰਗੀ ਕੋਈ ਕੁੜੀ ਨਹੀਂ ਮਿਲਦੀ ਜਾਂ ਫਿਰ ਕਿਸੇ ਨੂੰ ਪਤਾ ਹੀ ਨਹੀਂ ਕਿ ਮੁਹੱਬਤ ਕਰੀਦੀ ਕਿਵੇਂ ਹੈ? ਕੋਈ ਆਉਂਦੀ ਹੈ ਦੋ ਚਾਰ ਦਿਨ

ਫੋਕੀਆਂ ਗੱਲਾਂ ਕਰ ਤੁਰ ਪੈਂਦੀ ਹੈ। ਮੈਂ ਇਸ ਵਕਤ ਜਿਸ ਅਵਸਥਾ 'ਚ ਹਾਂ, ਮੈਂ ਹਾਲ ਚਾਲ ਪੁੱਛਣ ਨਾਲ, ਰੋਟੀ ਪਾਣੀ ਪੁੱਛਣ ਨਾਲ ਮੁਹੱਬਤ ਦੀ ਗਿਰਫ਼ 'ਚ ਨਹੀਂ ਆਉਣ ਵਾਲਾ। ਮੈਂ ਕੁਝ ਨਹੀਂ ਹਾਂ, ਪਰ ਮੇਰੇ ਕੋਲ ਮੇਰੀ ਮੁਹੱਬਤ ਹੈ ਇਸ ਲਈ ਕੁਝ ਤੇ ਜ਼ਰੂਰ ਹਾਂ। ਮੈਂ ਆਪਣੀ ਪਿਛਲੀ ਕਿਤਾਬ 'ਮੁਹੱਬਤ ਕੌਰ' ਵਿਚ ਕਿਹਾ ਸੀ ਕਿ ਜੇਕਰ ਮੁਹੱਬਤ ਕੌਰ ਦਾ ਵਿਆਹ ਹੋ ਜਾਂਦਾ ਹੈ ਤਾਂ ਮੈਂ ਅੱਗੇ ਜ਼ਰੂਰ ਵਧਣ ਦੀ ਕੋਸ਼ਿਸ਼ ਕਰਾਂਗਾ ਪਰ ਕੋਈ ਮੁਹੱਬਤ ਕਰਨ ਵਾਲਾ ਮਿਲੇ ਤਾਂ ਸਹੀਂ। ਮੈਨੂੰ ਨਹੀਂ ਲੱਗਦਾ ਮੁਹੱਬਤ ਨੂੰ ਸਮਝਣ ਵਾਲੇ ਬਾਕੀ ਬਚੇ ਨੇ। ਕਿਉਂਕਿ ਕਿਸੇ ਅੰਦਰ ਸਬਰ ਹੀ ਨਹੀਂ ਹੈ। ਤੁਸੀਂ 10 ਦਿਨ ਕਿਸੇ ਨਾਲ ਗੱਲ ਨਾ ਕਰੋ ਤਾਂ ਅਗਲਾ ਨਵਿਆਂ ਨਾਲ ਗੱਲਾਂ ਮਾਰਨ ਲੱਗਦਾ ਹੈ। ਮੁਹੱਬਤ ਸਬਰ ਮੰਗਦੀ ਹੈ ਤੇ ਤੁਹਾਡੀ ਉਮਰ ਦੀ ਸਾਰੀ ਦੀ ਸਾਰੀ ਕਮਾਈ। ਉਹ ਚਾਹੇ ਤੁਹਾਡੇ ਕਿੰਨੇ ਵੀ ਗੂੜੇ ਰਿਸ਼ਤੇ ਹੋਣ ਜਾਂ ਪਾਠ ਪੂਜਾ ਜਾਂ ਕੁਝ ਵੀ, ਕੀਮਤੀ ਤੋਂ ਕੀਮਤੀ ਤੇ ਮਾਮੂਲੀ ਤੋਂ ਮਾਮੂਲੀ ਵੀ। ਮੁਹੱਬਤ ਕਰਨੀ ਚਾਹੁੰਦੇ ਹੋ ਤਾਂ ਮੁਹੱਬਤ ਲੈ ਕੇ ਆਵੋ, ਸਬਰ ਲੈ ਕੇ ਆਵੋ। ਕਾਹਲੀਆਂ ਨਹੀਂ। ਸਿਆਣੇ ਆਖਦੇ ਨੇ ਕਾਹਲੀ ਅੱਗੇ ਟੋਏ। ਕਾਹਲੀਆਂ ਕਰੋਗੇ ਤਾਂ ਬੇਸ਼ੱਕ ਡਿੱਗੋਗੇ।

ਖ਼ੈਰ ਮੇਰੀ ਰਾਹ ਕਿਧਰ ਨੂੰ ਮੁੜ ਗਈ ਮੈਂ ਨਹੀਂ ਜਾਣਦਾ। ਮੇਰੇ ਅੰਦਰ ਮੁਹੱਬਤ ਕੌਰ ਲਈ ਪਹਿਲਾਂ ਰੋਸ ਸੀ ਪਰ ਹੁਣ ਕੋਈ ਰੋਸ ਨਹੀਂ ਹੈ। ਜਦ ਕਦੇ ਵੀ ਗੁਰੂ ਘਰ ਜਾਂਦਾ ਹਾਂ ਤੇ ਉੱਥੇ ਉਸਦੀ ਯਾਦ ਵੱਲ ਰੁਖ ਕਰਦਾ ਹਾਂ ਤਾਂ ਉਸਦੇ ਲਈ ਦੁਆ ਹੀ ਕਰਦਾ ਹਾਂ। ਚਲੋ ਅੱਗੇ ਵਧਦਾ ਹਾਂ,

ਕੁਝ ਦਿਨ ਪਹਿਲਾਂ ਦੀ ਗੱਲ ਹੈ, ਮੈਂ ਆਪਣੇ ਦੋਸਤਾਂ ਨਾਲ ਮੁਹੱਬਤ ਬਾਰੇ ਗੱਲ ਕਰਦਾ ਸੀ, ਅਕਸਰ ਮੇਰੇ ਦੋਸਤਾਂ ਨਾਲ ਮੁਹੱਬਤ ਬਾਰੇ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਨੇ। ਮੈਂ ਉਹਨਾਂ ਨੂੰ ਦੱਸ ਰਿਹਾ ਸੀ ਕਿ ਜਦੋਂ ਮੈਂ ਤੇ ਮੁਹੱਬਤ ਗੱਲ ਕਰਦੇ ਸੀ, ਮਤਲਬ ਜਦੋਂ ਸਾਡੇ ਦਰਮਿਆਨ ਬੜੀ ਸੋਹਣੀ ਗੱਲ ਹੁੰਦੀ ਸੀ ਤਾਂ ਅਸੀਂ ਜਵਾਕਾਂ ਦੇ ਨਾਂਵਾਂ ਦੀਆਂ ਸਲਾਹਾਂ ਕਰਦੇ ਸਾਂ। ਉਹੀ ਗੱਲ ਸ਼ਾਇਦ ਉਸ ਦਿਨ ਮੇਰੇ ਮਨ ਅੰਦਰ ਬੈਠ ਗਈ ਤੇ ਜਦੋਂ ਸ਼ਾਮੀ ਘਰ ਆਇਆ ਤੇ ਰੋਟੀ ਪਾਣੀ ਛਕ ਸੁੱਤਾ ਤਾਂ ਮੁਹੱਬਤ ਕੌਰ ਦਾ ਹੀ ਸੁਪਨਾ ਆ ਗਿਆ।

ਸੁਪਨੇ 'ਚ ਕੀ ਸੀ ਕਿ, ਮੈਂ ਯੂਨੀਵਰਸਿਟੀ ਦੇ ਕਿਸੇ ਰੁੱਖ ਨਾਲ ਲੱਗ ਖੜਾ ਸੀ, ਮੇਰੇ ਨਾਲ ਮੇਰਾ ਦੋਸਤ ਸਾਹਿਬ ਤੇ ਦਲਜੀਤ ਤੇ ਅਮਨ ਸਨ। ਮੈਂ ਕੀ ਦੇਖਦਾ ਕਿ ਸਾਹਮਣਿਓ ਇਕ ਕੁੜੀ ਇਕ 5-7 ਸਾਲ ਦੇ ਮੁੰਡੇ ਨਾਲ ਤੁਰੀ ਆਉਂਦੀ ਹੈ। ਮੈਂ ਗੌਰ ਨਾਲ ਦੇਖਿਆ ਤਾਂ ਇਹ ਮੇਰੀ ਮੁਹੱਬਤ ਸੀ। ਉਹ ਖੁਸ਼ ਨਜ਼ਰ ਆ ਰਹੀ ਸੀ। ਮੈਂ ਉਸਨੂੰ ਦੇਖ ਅਤਿ ਪ੍ਰਸੰਨ ਹੋ ਗਿਆ। ਉਹ ਆਉਂਦੇ ਹੀ ਦਲਜੀਤ ਤੇ ਅਮਨ ਨੂੰ ਇੰਞ ਮਿਲੀ ਜਿਵੇਂ ਬੜੀ ਚੰਗੀ ਤਰ੍ਹਾਂ ਜਾਣਦੀ ਹੋਵੇ। ਉਹ ਤਾਂ ਕਦੇ ਮੁਹੱਬਤ ਨੂੰ ਮਿਲੀਆਂ ਹੀ ਨਹੀਂ ਸਨ। ਹਾਂ ਇਕ ਵਾਰ ਦਲਜੀਤ ਦੀ ਮੁਹੱਬਤ ਨਾਲ ਫ਼ੂਨ 'ਤੇ ਗੱਲ ਜ਼ਰੂਰ ਹੋਈ ਸੀ। ਕਦੋਂ ਹੋਈ ਸੀ, ਇਹ ਤਾਂ ਮੈਂ ਦੱਸਣਾ ਭੁੱਲ ਹੀ ਗਿਆ। ਅੱਗੇ ਦੱਸਦਾ ਹਾਂ ਪਹਿਲਾਂ ਆਹ ਸੁਪਨੇ ਵਾਲੀ ਗੱਲ ਦੱਸ ਦੇਂਦਾ ਹਾਂ। ਮੁਹੱਬਤ ਉਹਨਾਂ ਨੂੰ ਮਿਲੀ ਤੇ ਫਿਰ ਜੋ ਨਾਲ ਮੁੰਡਾ ਸੀ ਉਸ ਨੂੰ ਮਿਲੀਆਂ। ਪਤਾ ਲੱਗਿਆ ਕਿ ਇਹ ਮੇਰੀ ਮੁਹੱਬਤ ਦਾ ਮੁੰਡਾ ਹੈ। ਮੈਂ ਉਸ ਮੁੰਡੇ ਨੂੰ ਦੇਖ ਬੜਾ ਖੁਸ਼ ਹੋਇਆ। ਉਹ ਉਹਨਾਂ ਨੂੰ ਮਿਲ ਹੌਲੀ ਹੌਲੀ ਮੇਰੀ ਤਰਫ਼ ਆਈ। ਮੈਂ ਕੀ ਦੇਖਦਾ ਕਿ ਉਹ ਪਹਿਲਾਂ ਨਾਲੋਂ ਪਤਲੀ ਹੋਈ ਜਾਪ ਰਹੀ ਸੀ। ਉਹ ਮੇਰੇ ਕੋਲ ਆਈ ਤੇ ਮੈਨੂੰ ਘੁੱਟ ਕੇ ਗਲ਼ ਲਾ ਮਿਲੀ। ਇੰਞ ਮਿਲੀ ਜਿਵੇਂ ਕਿਸੇ ਤਰ੍ਹਾਂ ਦਾ ਕੋਈ ਮਨ ਮਿਟਾਵ ਨਾ ਹੋਵੇ। ਮੈਂ ਵੀ ਕੁਝ ਐਸਾ ਨਹੀਂ ਸੀ ਕਰ ਰਿਹਾ। ਫਿਰ ਪਤਾ ਨਹੀਂ ਅਚਾਨਕ ਕਿਵੇਂ ਜਦੋਂ ਉਹ ਮੈਨੂੰ ਗਲ਼ ਲਾਈ ਅੱਗੇ ਵਧ ਰਹੀ ਸੀ ਤਾਂ ਮੈਂ ਉਸਦੀ ਗੱਲ੍ਹ ਨੂੰ ਚੁੰਮਿਆ। ਉਸਨੇ ਮੈਨੂੰ ਰੋਕਿਆ ਨਹੀਂ। ਫਿਰ ਉਸਨੇ ਕਿਹਾ ਇਹ ਮੇਰਾ ਬੇਟਾ ਏ। ਨਾਂ ਨਹੀਂ ਦੱਸਿਆ ਸ਼ਾਇਦ। ਚੰਗੀ ਤਰ੍ਹਾਂ ਯਾਦ ਨਹੀਂ। ਮੈਂ ਉਸਦੇ ਬੇਟੇ ਨੂੰ ਅਜੇ ਚੁੱਕਿਆ ਹੀ ਕਿ ਸੁਪਨਾ ਟੁੱਟ ਗਿਆ। ਮੇਰੀ ਜਾਗ ਖੁੱਲ੍ਹ ਗਈ। ਮੈਂ ਮੁੜ ਸੌਣ ਦੀ ਕੋਸ਼ਿਸ਼ ਕੀਤੀ ਪਰ ਨੀਂਦ ਨਾ ਆਈ ਤੇ ਨਾ ਹੀ ਉਹ ਸੁਪਨਾ ਮੁੜ ਆਇਆ। ਮੈਂ ਫਿਰ ਸਵੇਰ ਗੁਰੂ ਘਰ ਗਿਆ ਤੇ ਮੇਰੇ ਮਨ 'ਚ ਇਹ ਅਹਿਸਾਸ ਹੋਇਆ ਕਿ ਸ਼ਾਇਦ ਮੇਰੀ ਮੁਹੱਬਤ ਕੌਰ ਮਾਂ ਬਣਨ ਵਾਲੀ ਹੋਵੇ। ਪਤਾ ਨਹੀਂ ਕਿਉਂ ਪਰ ਮੈਂ ਉਸਦੇ ਲਈ ਖੁਸ਼ ਸੀ। ਮੈਂ ਬਾਣੀ ਪੜ੍ਹੀ ਤੇ ਉਸਦੇ ਲਈ ਅਰਦਾਸਿ ਕੀਤੀ। ਮੈਂ ਯੂਨੀਵਰਸਿਟੀ ਗਿਆ ਤੇ ਸ਼ਾਮ ਨੂੰ ਆਉਂਦੇ ਮੈਂ ਇਕ ਸ਼ਾਇਰੀ ਲਿਖੀ, ਜੋ ਇਸ ਤਰ੍ਹਾਂ ਸੀ,

ਕਾਸ਼ ਮੈਂ ਮੁੱਕ ਜਾਵਾਂ ਉਸੇ ਪਲ਼ ਹੀ
ਜਦ ਤੇਰੀ ਕੁਖੋਂ ਇਕ ਪੁੱਤਰ ਜਨਮ ਲਵੇਂ

ਜੋ ਮਹਿਬੂਬ ਬਣਾ ਮੁਹੱਬਤ ਨਾ ਪਾ ਸਕਿਆ
ਉਹ ਹੱਕ ਨਾਲ ਤੈਨੂੰ ਆਪਣੀ ਮਾਂ ਤਾਂ ਕਹੇ।

ਮੈਂ ਸੋਚਿਆ ਕਿੰਨਾ ਚੰਗਾ ਹੋਵੇ ਕਿ ਮੈਂ ਉਸਦਾ ਮਹਿਬੂਬ ਬਣ ਉਸਤੋਂ ਮੁਹੱਬਤ ਨਾ ਪਾ ਸਕਿਆ। ਕਾਸ਼ ਮੈਂ ਉਸਦਾ ਪੁੱਤਰ ਹੀ ਬਣ ਜਾਵਾਂ। ਮੈਨੂੰ ਮੌਤ ਆ ਜਾਵੇ ਤੇ ਮੈਂ ਉਸਦੀ ਕੁਖ ਤੋਂ ਜਨਮ ਲਵਾਂ। ਮੈਂ ਜਾਣਦਾ ਹਾਂ ਉਸਦੀ ਕੁੱਖੋਂ ਪੁੱਤ ਬਣ ਜਨਮ ਲੈਣਾ ਕਿੰਨਾ ਵਡਭਾਗੀ ਕਰਮ ਹੈ। ਮੈਂ ਜਾਣਦਾ ਹਾਂ ਉਸਦੇ ਸਬਰ ਨੂੰ, ਉਸਦੀ ਦਰਿਆਦਿਲੀ, ਉਸਦੀ ਸਹਿਜਤਾ, ਉਸਦਾ ਗਿਆਨ ਉਸਦੀ ਸਮਝ, ਉਸਦੀ ਮਮਤਾ। ਹਰ ਗੁਣ ਉਸਦੇ ਅੰਦਰ ਭਰਪੂਰ ਹੈ ਜੋ ਇਕ ਪੂਰਨ ਮਾਂ ਵਿਚ ਹੋਣੇ ਜ਼ਰੂਰੀ ਨੇ। ਮੈਂ ਜਾਣਦਾ ਹਾਂ ਉਹ ਦੁਨੀਆਂ ਦੀ ਬਹਿਤਰੀਨ ਮਾਂਵਾਂ ਵਿਚੋਂ ਇਕ ਹੋਵੇਗੀ। ਦੁਆ ਕਰਦਾ ਹਾਂ ਕਾਸ਼ ਮੇਰਾ ਖ਼ੁਦਾ ਮੈਨੂੰ ਉਸ ਕੁਖ ਤੋਂ ਜਨਮ ਦੇਵੇ। ਮੈਂ ਬਸ ਉਸਤੋਂ ਮੁਹੱਬਤ ਲੈਣਾ ਚਾਹੁੰਦਾ ਹਾਂ। ਉਹ ਚਾਹੇ ਮਮਤਾ 'ਚ ਹੋਵੇ ਜਾਂ ਮਹਿਬੂਬ ਬਣ। ਖ਼ੈਰ ਮਹਿਬੂਬ ਬਣਨਾ ਤਾਂ ਹੁਣ ਮੁਸ਼ਕਿਲ ਹੈ ਪਰ ਉਸਦੀ ਮਮਤਾ ਤਾਂ ਹਾਸਲ ਹੋ ਸਕਦੀ ਹੈ। ਮੇਰੇ ਲਈ ਦੁਆ ਕਰਨਾ। ਬਹੁਤਾ ਭਾਵੁਕ ਨਾ ਹੁੰਦੇ ਮੈਂ ਅਗਲੀ ਗੱਲ ਵੱਲ ਆਉਂਦਾ ਹਾਂ।

ਗੱਲ ਕਰਦਾ ਸੀ ਕਿ ਦਲਜੀਤ ਦੀ ਗੱਲ ਕਦੋਂ ਹੋਈ ਮੁਹੱਬਤ ਨਾਲ? ਕੀ ਹੋਇਆ ਕਿ ਇਸ ਸਾਲ ਜਦੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਪੁਸਤਕ ਮੇਲਾ ਸੀ ਤਾਂ ਮੈਂ ਆਪਣੇ ਬੇਹੱਦ ਪਸੰਦੀਦਾ ਕਵੀ ਸੁਰਜੀਤ ਪਾਤਰ ਜੀ ਤੋਂ ਉਹਨਾਂ ਦੀ ਕਿਤਾਬ 'ਪਤਝੜ ਦੀ ਪਾਜ਼ੇਬ' 'ਤੇ ਦਸਤਖ਼ਤ ਲਏ ਤੇ ਨਾਲ ਇਕ ਹੋਰ ਕਿਤਾਬ ਮੌਲਾਨਾ ਰੂਮੀ ਦੀ ਮੁਹੱਬਤ ਨੂੰ ਪੋਸਟ ਰਾਹੀਂ ਉਸਦੇ ਘਰ ਭੇਜੀ। ਇਸ ਵਾਰ ਮੈਂ ਕੋਈ ਗ਼ਲਤੀ ਨਹੀਂ ਕੀਤੀ। ਦਲਜੀਤ ਦੇ ਵੱਲੋਂ ਮੈਂ ਮੁਹੱਬਤ ਦੇ ਪਤੇ 'ਤੇ ਕਿਤਾਬਾਂ ਭੇਜੀਆਂ। ਜਦ ਮੁਹੱਬਤ ਨੂੰ ਕਿਤਾਬਾਂ ਮਿਲੀਆਂ ਤਾਂ ਉਸਨੇ ਦਲਜੀਤ ਨੂੰ ਫ਼ੂਨ ਕਰ ਪੁੱਛਿਆ ਕਿ ਤੁਸੀਂ ਕੌਣ ਹੋ, ਇਹ ਕਿਤਾਬਾਂ ਕਿਉਂ ਭੇਜੀਆਂ ਤਾਂ ਦਲਜੀਤ ਨੇ

ਆਖ ਦਿੱਤਾ ਕਿ ਪ੍ਰੀਤ ਵੀਰੇ ਨੇ ਭੇਜੀਆਂ ਨੇ। ਬਸ ਇਸਤੋਂ ਵੱਧ ਕੋਈ ਗੱਲ ਨਹੀਂ ਹੋਈ। ਮੁਹੱਬਤ ਲਈ ਭੇਜਿਆ ਉਹ ਮੇਰਾ ਸ਼ਾਇਦ ਆਖ਼ਰੀ ਤੋਹਫ਼ਾ ਸੀ।

ਖ਼ੈਰ ਇਹ ਸੀ ਅੱਜ ਤੱਕ ਦੀ ਕਹਾਣੀ, ਨਹੀਂ ਜਾਣਦਾ ਅੱਗੇ ਕੀ ਹੋਵੇਗਾ। ਕੋਈ ਵੀ ਨਹੀਂ ਜਾਣਦਾ। ਹਾਂ ਮੈਂ ਰੋਸ 'ਚ ਆ ਇਕ ਗ਼ਜ਼ਲ਼ ਲਿਖੀ ਸੀ ਕਿ ਮੁਹੱਬਤ ਜੋ ਵੀ ਹੋਇਆ ਬਹੁਤ ਹੋ ਗਿਆ ਹੈ, ਹੁਣ ਮੈਨੂੰ ਆਪਣੀ ਮੁਹੱਬਤ ਤੋਂ ਆਪਣੇ ਆਪ ਤੋਂ ਆਜ਼ਾਦ ਕਰ ਦੇ। ਮੈਂ ਲਿਖਿਆ ਸੀ,

ਬਹੁਤ ਕਰ ਲਈ ਹੈ ਮੈਂ ਨੌਕਰੀ ਤੇਰੀ ਮੁਹੱਬਤ ਦੀ
ਹੁਣ ਮੈਂ ਇਸ ਉਡੀਕ ਤੋਂ ਪੱਕੀ ਛੁੱਟੀ ਚਾਹੁੰਦਾ ਹਾਂ।

ਨਾ ਹੀ ਮੈਨੂੰ ਪੈਨਸ਼ਨ ਨਾ ਮੋਟੀ ਰਕਮ ਚਾਹੀਦੀ
ਮੈਂ ਵਾਪਿਸ ਆਪਣੀ ਕਿਰਤ ਜੋ ਲੁੱਟੀ ਚਾਹੁੰਦਾ ਹਾਂ।

ਲੱਗੇ ਓਵਰ ਟਾਇਮ ਦਾ ਮੈਂ 'ਸਾਬ ਨਹੀਂ ਮੰਗਦਾ
ਮੈਂ ਨਵੀਂ ਘੜੀ ਅਗਾਜ਼ ਦੀ ਜੋ ਟੁੱਟੀ ਚਾਹੁੰਦਾ ਹਾਂ।

ਤੇਰੇ ਟੇਬਲ 'ਤੇ ਪਿਆ ਸਬਰ ਬਸ ਵਾਪਿਸ ਮੋੜ ਦੇ
ਰੱਦੀ ਹੋਈ ਉਮੀਦ ਜੋ ਫ਼ਾਇਲ ਘੁੱਟੀ ਚਾਹੁੰਦਾ ਹਾਂ।

ਇਹ ਆਖਰੀ ਗ਼ਜ਼ਲ ਮੈਂ ਤੇਰੇ ਲਈ ਜੋ ਆਖ ਰਿਹਾ
ਇਸਤੋਂ ਬਾਅਦ ਕਲ਼ਮ ਦਵਾਤ 'ਚੋਂ ਪੁੱਟੀ ਚਾਹੁੰਦਾ ਹਾਂ।

ਬਹੁਤ ਕਰ ਲਈ ਹੈ ਮੈਂ ਨੌਕਰੀ ਤੇਰੀ ਮੁਹੱਬਤ ਦੀ
ਹੁਣ ਮੈਂ ਇਸ ਉਡੀਕ ਤੋਂ ਪੱਕੀ ਛੁੱਟੀ ਚਾਹੁੰਦਾ ਹਾਂ।

ਸੋ ਛੁੱਟੀ ਮੈਂ ਮੰਗ ਤਾਂ ਰਿਹਾ ਹਾਂ, ਪਰ ਇਹ ਵੀ ਜਾਣਦਾ ਹਾਂ ਕਿ ਇਹ ਕਦੇ ਸੰਭਵ ਨਹੀਂ। ਯਾਦਾਂ ਤੋਂ, ਮੁਹੱਬਤਾਂ ਤੋਂ ਛੁੱਟੀਆਂ ਉਦੋਂ ਹੀ ਮਿਲਦੀਆਂ ਨੇ ਜਦੋਂ ਮੌਤ ਤੁਹਾਡੇ ਬੂਹੇ 'ਤੇ ਦਸਤਕ ਦੇਵੇ। ਇਹ ਮੁਹੱਬਤਾਂ, ਇਹ ਯਾਦਾਂ ਕਹਿੰਦੇ ਮਰਨ ਪਿੱਛੋਂ ਵੀ ਤੁਹਾਡਾ ਪਿੱਛਾ ਨਹੀਂ ਛੱਡਦੀਆਂ। ਸੋ ਮੈਨੂੰ ਲੱਗਦਾ ਨਾਨਕ ਵੱਲ ਹੀ ਧਿਆਨ ਕਰਨਾ ਪਵੇਗਾ ਅਗਰ ਆਪਣੇ ਆਪ ਨੂੰ ਮੁਕਤ ਕਰਨਾ ਹੈ ਤਾਂ। ਖ਼ੈਰ ਫਿਲਹਾਲ ਮੇਰੀ ਮੁਕਤੀ ਦੀ ਕੋਈ ਕਾਮਨਾ ਨਹੀਂ ਹੈ, ਮੈਂ ਉਸਦੀ ਮੁਹੱਬਤ ਦੀ ਗ਼ਿਰਫ਼ 'ਚ ਹਮੇਸ਼ਾ ਰਹਿਣਾ ਚਾਹੁੰਦਾ ਹਾਂ, ਮੈਂ ਲਿਖਿਆ ਸੀ,

ਠੰਢੀ ਪੈ ਗਈ ਅੱਗ ਤੇਰੇ ਪਿਆਰ ਦੀ
ਤੇ ਮੁੱਕ ਗਿਆ ਬਿਰਹਾ ਦਾ ਦੇਸੀ ਘੀ।

ਸੋਹਣਿਆ ਕਰ ਕੋਈ ਧਮਾਕਾ ਧੋਖੇ ਦਾ
ਮੈਥੋਂ ਇੰਝ ਤਾਂ ਨਹੀਂ ਹੋਣਾ ਹੋਰ ਜੀਅ।

ਉਂਝ ਮੁਹੱਬਤ ਨਾ ਹੋਣ 'ਤੇ ਵੀ ਮੇਰੇ ਕੋਲ ਹੈ। ਉਹ ਹਮੇਸ਼ਾ ਹੀ ਕੋਲ ਰਹਿੰਦੀ ਹੈ, ਕਿਧਰੇ ਜਾਂਦੀ ਹੀ ਨਹੀਂ। ਮੈਂ ਕਿਸੇ ਨਾਲ ਫ਼ਲਰਟ ਕਰ ਰਿਹਾਂ ਹੋਵਾਂ ਤਾਂ ਵੀ ਸਾਹਮਣੇ ਆ ਬੈਠ ਜਾਂਦੀ ਹੈ, ਇਕ ਪਲ਼ ਲਈ ਵੀ 'ਕੱਲਿਆਂ ਨੀ ਰਹਿਣ ਦੇਂਦੀ। ਮੈਂ ਜਦੋਂ ਹੋਰਾਂ ਨਾਲ ਹੋਵਾਂ ਤਾਂ ਉਹ ਮੇਰੇ ਨਾਲ ਹੁੰਦੀ ਏ ਤੇ ਜਦੋਂ ਮੈਂ 'ਕੱਲਾ ਹੋਵਾਂ ਤਾਂ ਮੈਂ ਪੂਰਨ ਰੂਪ 'ਚ ਉਸ ਕੋਲ ਹੁੰਦਾ ਹਾਂ। ਜਿਵੇਂ ਮੈਂ ਲਿਖਿਆ ਸੀ,

ਜਦੋਂ ਮੈਂ ਮੇਰੇ ਕੋਲ ਹੁੰਦਾ ਹਾਂ
ਉਦੋਂ ਮੈਂ ਤੇਰੇ ਕੋਲ ਹੁੰਦਾ ਹਾਂ।

ਸੋ ਅੱਜ 26 ਅਕਤੂਬਰ 2024 ਨੂੰ ਮੇਰੀ ਮੁਹੱਬਤ ਕੌਰ ਦਾ ਜਨਮਦਿਨ ਹੈ। ਸਭ ਉਸਦੇ ਲਈ ਦੁਆ ਕਰਨਾ। ਕੋਈ ਉਸਨੂੰ ਕਦੇ ਬਦ ਦੁਆ ਨਾ ਦੇਣਾ। ਇਹ ਜਾਣ ਲੈਣਾ ਕਿ ਉਸਨੂੰ ਦਿੱਤੀ ਹਰ ਬਦ ਦੁਆ ਮੇਰੇ ਵਿਚੋਂ ਹੋ ਕੇ ਜਾਵੇਗੀ। ਸੋ ਉਸਨੂੰ ਠੇਸ ਲੱਗਣ ਤੋਂ ਪਹਿਲਾਂ ਮੈਨੂੰ ਠੇਸ ਲੱਗੇਗੀ। ਬਾਕੀ ਮੈਂ ਦੁਆ ਕਰਦਾ ਹਾਂ ਉਹ ਹਮੇਸ਼ਾ ਖੁਸ਼ ਰਹੇ ਤੇ ਕੋਸ਼ਿਸ਼ ਕਰਾਂਗਾ, ਉਸਨੂੰ ਹਮੇਸ਼ਾ ਮੁਹੱਬਤ ਕਰਾਂ। ਬਾਕੀ ਨਾਨਕ ਰਾਖਾ ਹੈ। ਉਸਦਾ ਵੀ ਮੇਰਾ ਵੀ ਆਪ ਸਭ ਦਾ ਵੀ। ਖੁਸ਼ ਰਹੋ ਆਬਾਦ ਰਹੋ। ਧੰਨਵਾਦ।

ਹਾਂ ਇਕ ਗੱਲ ਜ਼ਰੂਰ ਹਮੇਸ਼ਾ ਯਾਦ ਰੱਖਣਾ,

ਬਿਨਾਂ ਕਿਸੇ ਮਤਲਬ ਦੇ
5 ਸਾਲ ਕਿਸੇ ਨੂੰ ਮੁਹੱਬਤ ਕਰਨਾ
5 ਸਾਲ ਕਿਸੇ ਦੀ ਉਡੀਕ ਕਰਨਾ
ਇਹ ਕੋਈ ਮਜ਼ਾਕ ਨਹੀਂ ਏ

**ਪ੍ਰੀਤ ਸਿੰਘ ਭੈਣੀ**
+91 97793 24826

ਅਫ਼ਸੋਸ ਨਹੀਂ ਹੈ ਕੋਈ
ਨਾ ਹੀ ਮਿਲਣ ਦਾ
ਨਾ ਹੀ ਯੁਦਾ ਹੋਣ ਦਾ
ਇਹ ਜ਼ਿੰਦਗੀ ਏ
ਚੱਲਦੇ ਰਹਿਣ ਦਾ ਨਾਂ।